@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Sunday, 9 March 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਐਤਵਾਰ 9 ਮਾਰਚ 2025, 23 ਫੱਗਣ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 119, qpatrika@gmail.com ਫੋਨ : 9971359517 www.qaumipatrika.org

ਮਹਿਲਾ ਦਿਵਸ: ਪ੍ਰਧਾਨ ਮੰਤਰੀ ਮੋਦੀ ਨੇ ਕੀਤਾ 'ਨਾਰੀ ਸ਼ਕਤੀ' ਨੂੰ ਸਲਾਮ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 8 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੌਮਾਂਤਰੀ ਮਹਿਲਾ ਦਿਵਸ ਮੌਕੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਨੂੰ ਟਵਿੱਟਰ 'ਤੇ ਲਿਖਿਆ- ਮਹਿਲਾ ਦਿਵਸ ਮੌਕੇ ਅਸੀਂ ਆਪਣੀ ਨਾਰੀ ਸ਼ਕਤੀ ਨੂੰ ਸਲਾਮ ਕਰਦੇ ਹਾਂ। ਸਾਡੀ ਸਰਕਾਰ ਹਮੇਸ਼ਾ ਹੀ ਔਰਤਾਂ ਦੇ ਸਸ਼ਕਤੀਕਰਨ ਲਈ ਕੰਮ ਕਰਦੀ ਰਹੀ ਹੈ, ਜੋ ਸਾਡੀਆਂ ਯੋਜਨਾਵਾਂ ਅਤੇ ਪ੍ਰੋਗਰਾਮਾਂ 'ਚ ਝਲਕਦੀ ਹੈ। ਅੱਜ ਵਾਅਦੇ ਮੁਤਾਬਕ ਮੇਰਾ ਸੋਸ਼ਲ ਮੀਡੀਆ ਉਨ੍ਹਾਂ ਔਰਤਾਂ ਵਲੋਂ ਸੰਭਾਲਿਆ ਜਾਵੇਗਾ ਜੋ ਵੱਖ-ਵੱਖ ਖੇਤਰਾਂ ਵਿਚ ਆਪਣੀ ਅਮਿੱਟ ਛਾਪ ਛੱਡ ਰਹੀਆਂ ਹਨ! ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਮੈਂ ਸਾਰੀਆਂ ਔਰਤਾਂ, ਖਾਸ ਤੌਰ 'ਤੇ ਜਵਾਨ ਕੁੜੀਆਂ ਨੂੰ ਆਪਣੇ ਸੁਪਨਿਆਂ ਦਾ ਪਿੱਛਾ ਕਰਨ ਦਾ ਸੁਨੇਹਾ ਦੇਣਾ ਚਾਹੁੰਦਾ ਹਾਂ, ਭਾਵੇਂ ਕੋਈ ਵੀ ਰੁਕਾਵਟ ਕਿਉਂ ਨਾ ਆਵੇ। ਤੁਹਾਡਾ ਜਨੂੰਨ ਤੁਹਾਡੀ ਸਫਲਤਾ ਨੂੰ ਤਾਕਤ ਦੇਵੇਗਾ। ਮੈਂ ਔਰਤਾਂ ਨੂੰ ਉਨ੍ਹਾਂ ਦੇ ਸੁਪਨਿਆਂ ਦਾ ਪਿੱਛਾ ਕਰਨ ਅਤੇ ਜਿਸ ਕਿਸੇ ਖੇਤਰ ਨੂੰ ਉਹ ਚੁਣਦੀਆਂ ਹਨ, ਰੁਕਾਵਟਾਂ ਨੂੰ ਤੋੜਨ



ਲਈ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ ਕਿਉਂਕਿ ਮੈਨੂੰ ਪਤਾ ਹੈ ਕਿ ਉਹ ਕਰ ਸਕਦੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਗੁਜਰਾਤ ਦੇ ਨਵਸਾਰੀ 'ਚ ਕਿਹਾ ਕਿ ਉਹ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਹਨ। ਪੀ.ਐੱਮ. ਮੋਦੀ ਨੇ ਅੰਤਰਰਾਸ਼ਟਰੀ ਮਹਿਲਾ ਦਿਵਸ ਮੌਕੇ ਇੱਥੇ ਲਖਪਤੀ ਦੀਦੀਆਂ ਨੂੰ ਸਨਮਾਨਤ ਕੀਤਾ ਅਤੇ ਜਨ ਸਭਾ ਨੂੰ ਸੰਬੋਧਨ ਕਰਦੇ ਹੋਏ ਕਿਹਾ,"ਅੱਜ ਮਹਿਲਾ ਦਿਵਸ ਦਾ ਇਹ ਦਿਨ, ਗੁਜਰਾਤ ਦੀ ਮੇਰੀ ਮਾਂ ਭੂਮੀ ਅਤੇ ਇੰਨੀ ਵੱਡੀ ਗਿਣਤੀ 'ਚ ਸਾਰੀਆਂ ਮਾਵਾਂ, ਭੈਣਾਂ ਅਤੇ ਧੀਆਂ ਦੀ ਇਹ ਮੌਜੂਦਗੀ ਇਸ ਵਿਸ਼ੇਸ਼ ਦਿਨ ਤੁਹਾਡੇ ਇਸ ਪਿਆਰ ਅਤੇ ਆਸ਼ੀਰਵਾਦ ਲਈ ਮੈਂ ਸਿਰ ਝੁਕਾ ਕੇ ਨਮਨ ਕਰਦਾ ਹਾਂ। ਗੁਜਰਾਤ ਦੀ ਇਸ ਧਰਤੀ ਤੋਂ ਮੈਂ ਸਾਰੇ ਦੇਸ਼ ਵਾਸੀਆਂ ਨੂੰ, ਦੇਸ਼ ਦੀਆਂ ਸਾਰੀਆਂ ਮਾਵਾਂ-ਭੈਣਾਂ ਨੂੰ ਮਹਿਲਾ ਦਿਵਸ ਦੀਆਂ ਸ਼ੁੱਭਕਾਮਨਾਵਾਂ ਵੀ ਦਿੰਦਾ ਹਾਂ।" ਉਨ੍ਹਾਂ ਕਿਹਾ ਕਿ ਅੱਜ ਇੱਥੇ ਗੁਜਰਾਤ ਸਫ਼ਲ ਅਤੇ ਗੁਜਰਾਤ ਮੈਤਰੀ ਇਨ੍ਹਾਂ 2 ਯੋਜਨਾਵਾਂ ਦਾ ਸ਼ੁੱਭ ਆਰੰਭ ਵੀ ਹੋਇਆ ਹੈ। ਕਈ ਯੋਜਨਾਵਾਂ ਦੇ ਪੈਸੇ ਸਿੱਧੇ ਔਰਤਾਂ ਦੇ ਬੈਂਕ ਖਾਤਿਆਂ 'ਚ ਵੀ ਟ?ਾਂਸਫਰ ਕੀਤੇ ਗਏ ਹਨ। ਉਨ੍ਹਾਂ ਕਿਹਾ,÷ਮੈਂ ਤੁਹਾਨੂੰ ਸਾਰਿਆਂ ਨੂੰ ਇਸ ਲਈ ਵੀ ਵਧਾਈ ਦਿੰਦਾ ਹਾਂ।

ਜਥੇਦਾਰਾਂ ਨੂੰ ਹਟਾਉਣ ਦੇ ਫ਼ੈਸਲੇ 'ਤੇ ਅਕਾਲੀ ਆਗੂ ਮਨਪ੍ਰੀਤ ਸਿੰਘ ਇਯਾਲੀ ਦਾ ਵੱਡਾ ਬਿਆਨ

ਜਲੰਧਰ/ਲੁਧਿਆਣਾ 8 ਮਾਰਚ। ਐੱਸ. ਜੀ. ਪੀ. ਸੀ. ਦੀ ਅੰਤ੍ਰਿੰਗ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦੀਆਂ ਸੇਵਾਵਾਂ ਖ਼ਤਮ ਕਰਨ ਦੇ ਲਏ ਗਏ ਫ਼ੈਸਲੇ ਨੂੰ ਅਕਾਲੀ ਆਗੂ ਮਨਪ੍ਰੀਤ ਸਿੰਘ ਇਯਾਲੀ ਨੇ ਮੰਦਭਾਗਾ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸ਼ਰ?ਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਜਥੇਦਾਰ ਸਾਹਿਬਾਨ ਨੂੰ ਹਟਾਉਣ ਦਾ ਫ਼ੈਸਲਾ ਬਹੁਤ ਹੀ ਮੰਦਭਾਗਾ ਹੈ। ਇਸ ਫ਼ੈਸਲੇ ਨਾਲ ਹਰ ਇਕ ਸਿੱਖ ਦੇ ਮਨ ਨੂੰ ਬਹੁਤ ਠੇਸ ਪਹੁੰਚੀ ਹੈ। ਉਨ੍ਹਾਂ ਕਿਹਾ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜੋ 5 ਸਿੰਘ ਸਾਹਿਬਾਨਾਂ ਵੱਲੋਂ ਫ਼ੈਸਲੇ ਲਏ ਗਏ ਸਨ, ਉਸ ਨਾਲ ਹਰ ਧਰਮ ਦੇ ਲੋਕਾਂ ਵਿਚ ਬਹੁਤ ਵੱਡਾ ਮੈਸੇਜ ਗਿਆ ਸੀ। ਪਿਛਲੇ ਢਾਈ ਮਹੀਨਿਆਂ ਵਿਚ ਸ੍ਰੀ ਅਕਾਲ ਤਖ਼ਤ ਦੀ ਮਰਿਆਦਾ ਨੂੰ ਢਾਹ ਲਾਉਣ ਦੀ ਕੋਈ ਕਸਰ ਨਹੀਂ ਛੱਡੀ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਇਆ ਗਿਆ ਅਤੇ ਹੁਣ ਦੋਵੇਂ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਇਹ ਕਹਿ ਕੇ ਹਟਾ ਦਿੱਤਾ ਗਿਆ ਕਿ ਇਹ ਸੇਵਾ ਨਿਭਾਉਣ ਦੇ ਯੋਗ ਨਹੀਂ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਖ਼ਦਸ਼ਾ ਸੀ ਕਿ ਜੋ ਪੰਜ ਮੈਂਬਰੀ ਕਮੇਟੀ ਸ਼ਰ?ਮਣੀ ਅਕਾਲੀ ਦਲ ਵਿਚ ਭਰਤੀ ਲਈ ਬਣਾਈ ਗਈ ਹੈ, ਉਹ ਕਿਤੇ ਆਉਣ ਵਾਲੇ ਸਮੇਂ ਵਿਚ ਭਰਤੀ ਨਾ ਕਰ ਲਵੇ ਅਤੇ ਕਿਸੇ ਵੀ ਤਰੀਕੇ ਨਾਲ ਭਰਤੀ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸੇ ਕਰਕੇ ਹੀ ਇਹ ਫ਼ੈਸਲਾ ਲਿਆ ਗਿਆ ਹੈ। ਇਸ ਦੌਰਾਨ ਮਨਪ੍ਰੀਤ ਸਿੰਘ ਇਯਾਲੀ ਨੇ ਸਿੱਖ ਮਰਿਆਦਾ ਨੂੰ ਬਹਾਲ ਕਰਵਾਉਣ ਦੇ ਉਦੇਸ਼ ਨਾਲ ਸਮੁੱਚੀ ਸਿੱਖ ਕੌਮ ਨੂੰ ਇਕ-ਜੁੱਟ ਹੋਣ ਦੀ ਗੱਲ ਕਹੀ ਤਾਂ ਜੋ ਸਿੱਖ ਸੰਸਥਾਵਾਂ ਆਉਣ ਵਾਲੇ ਸਮੇਂ ਵਿਚ ਮਜ਼ਬੂਤ ਹੋ ਸਕਣ, ਨਿਰਪੱਖ ਫ਼ੈਸਲੇ ਲੈ ਸਕਣ ਅਤੇ ਕਿਸੇ ਦੇ ਦਬਾਅ ਹੇਠ ਆ ਕੇ ਕੰਮ ਨਾ ਕਰਨ।

43 ਲੱਖ ਦੇ ਇਨਾਮੀ 11 ਨਕਸਲੀਆਂ ਨੇ ਕੀਤਾ ਸਰੰਡਰ

ਨਾਰਾਇਣਪੁਰ 8 ਮਾਰਚ। ਛੱਤੀਸਗੜ੍ਹ ਦੇ ਨਾਰਾਇਣਪੁਰ ਜ਼ਿਲ੍ਹੇ 'ਚ ਸ਼ੁੱਕਰਵਾਰ ਨੂੰ 43 ਲੱਖ ਰੁਪਏ ਦੇ ਇਨਾਮੀ 11 ਹਾਰਡ ਕੋਰ ਨਕਸਲੀਆਂ ਨੇ ਸਰੰਡਰ ਕੀਤਾ। ਅਧਿਕਾਰਤ ਸੂਤਰਾਂ ਅਨੁਸਾਰ ਸਰੰਡਰ ਕਰਨ ਵਾਲੇ ਸਾਰੇ ਨਕਸਲੀਆਂ 'ਤੇ 43 ਲੱਖ ਦਾ ਇਨਾਮ ਐਲਾਨ ਸੀ। ਸਰੰਡਰ ਕਰਨ ਵਾਲੇ ਸਾਰੇ ਨਕਸਲੀ ਮਾੜ ਡਿਵੀਜ਼ਨ ਦੇ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਸਾਰੇ ਨਕਸਲੀ ਬੁਕਰਪਾਲ ਘਟਨਾ ਸਮੇਤ ਕਈ ਨਕਸਲ ਘਟਨਾਵਾਂ 'ਚ ਸ਼ਾਮਲ ਰਹੇ ਹਨ। ਪੁਲਸ ਦੇ ਦਬਾਅ ਦੇ ਨਾਲ ਸਰਕਾਰ ਦੀਆਂ ਯੋਜਨਾਵਾਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਨੇ ਸਰੰਡਰ ਕਰਨ ਦਾ ਫ਼ੈਸਲਾ ਕੀਤਾ। ਅਬੂਝਮਾੜ 'ਚ ਪੁਲਸ ਦੀ ਲਗਾਤਾਰ ਕਾਰਵਾਈ ਅਤੇ ਪੁਲਸ ਕੈਂਪਾਂ ਦੀ ਸਥਾਪਨਾ ਅਤੇ ਸੜਕਾਂ ਦੇ ਵਿਸਥਾਰ ਸਮੇਤ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਤੋਂ ਪ੍ਰਭਾਵਿਤ ਹੋ ਕੇ ਨਕਸਲੀਆਂ ਨੇ ਸਰੰਡਰ ਕੀਤਾ। ਇਸ ਘਟਨਾ ਦੀ ਪੁਸ਼ਟੀ ਪੁਲਸ ਸੁਪਰਡੈਂਟ ਪ੍ਰਭਾਤ ਕੁਮਾਰ ਨੇ ਵੀ ਕੀਤੀ ਹੈ।

ਮੋਦੀ ਸਿਰਫ ਤਾਰੀਫ਼ ਸੁਣਨਾ ਚਾਹੁੰਦੇ ਹਨ, ਉਨ੍ਹਾਂ ਨੂੰ 'ਟੈਰਿਫ' ਦੀ ਚਿੰਤਾ ਨਹੀਂ: ਜੈਰਾਮ ਰਮੇਸ਼

ਨਵੀਂ ਦਿੱਲੀ 8 ਮਾਰਚ। ਕਾਂਗਰਸ ਜਨਰਲ ਜੈਰਾਮ ਰਮੇਸ਼ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ 2 ਅਪ੍ਰੈਲ ਤੋਂ ਭਾਰਤ 'ਤੇ ਜਵਾਬੀ ਟੈਰਿਫ ਲਾਉਣ ਦੇ ਐਲਾਨ ਨੂੰ ਲੈ ਕੇ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਤਾਰੀਫ਼ ਸੁਣਨਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਟੈਰਿਫ ਦੀ ਕੋਈ ਚਿੰਤਾ ਨਹੀਂ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਧਮਕੀ 'ਤੇ ਹੁਣ ਪ੍ਰਧਾਨ ਮੰਤਰੀ ਮੋਦੀ 56 ਇੰਚ



ਦਾ ਸੀਨਾ ਕਿਉਂ ਨਹੀਂ ਵਿਖਾ ਰਹੇ ਹਨ? ਰਮੇਸ਼ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਅਜਿਹੇ ਮਹੱਤਵਪੂਰਨ ਵਿਸ਼ਿਆਂ 'ਤੇ ਜਵਾਬ ਨਹੀਂ ਦਿੰਦੇ ਅਤੇ ਜਦੋਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਬੋਲਦੇ ਹਨ ਤਾਂ ਅਮਰੀਕਾ ਦੇ ਬੁਲਾਰੇ ਅਤੇ ਰਾਜਦੂਤ ਵਾਂਗ ਗੱਲ ਕਰਦੇ ਹਨ। ਦੱਸ ਦੇਈਏ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਵੀਰਵਾਰ ਨੂੰ ਦੁਹਰਾਇਆ ਕਿ ਅਮਰੀਕੀ ਸਾਮਾਨ 'ਤੇ ਟੈਰਿਫ ਲਗਾਉਣ ਵਾਲੇ ਦੇਸ਼ਾਂ 'ਤੇ ਜਵਾਬੀ ਟੈਰਿਫ 2 ਅਪ੍ਰੈਲ ਤੋਂ ਲਾਗੂ ਹੋਣਗੇ। ਟਰੰਪ ਨੇ ਕਿਹਾ ਕਿ ਸਭ ਤੋਂ ਵੱਡੀ ਗੱਲ 2 ਅਪ੍ਰੈਲ ਨੂੰ ਹੋਵੇਗੀ ਜਦੋਂ ਜਵਾਬੀ ਟੈਰਿਫ ਲਾਗੂ ਕੀਤੇ ਜਾਣਗੇ, ਚਾਹੇ ਉਹ ਭਾਰਤ ਹੋਵੇ ਜਾਂ ਚੀਨ ਜਾਂ ਕੋਈ ਵੀ ਦੇਸ਼... ਭਾਰਤ ਇਕ ਅਜਿਹਾ ਦੇਸ਼ ਹੈ ਜੋ ਬਹੁਤ ਜ਼ਿਆਦਾ ਟੈਰਿਫ ਲਗਾਉਂਦਾ ਹੈ।

ਜ਼ਮਾਨਤ ਦੇ ਮਾਮਲਿਆਂ 'ਚ ਲੰਮੀ ਤਾਰੀਖ਼ ਦੇਣ 'ਤੇ ਸੁਪਰੀਮ ਕੋਰਟ ਸਖ਼ਤ

ਨਵੀਂ ਦਿੱਲੀ 8 ਮਾਰਚ। ਸੁਪਰੀਮ ਕੋਰਟ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਇਕ ਜ਼ਮਾਨਤ ਪਟੀਸ਼ਨ ਦੀ ਸੁਣਵਾਈ ਨੂੰ 2 ਮਹੀਨੇ ਬਾਅਦ ਦੀ ਤਾਰੀਖ਼ ਦੇਣ 'ਤੇ ਸਖ਼ਤ ਟਿੱਪਣੀ ਕੀਤੀ। ਕੋਰਟ ਨੇ ਕਿਹਾ ਕਿ ਅਦਾਲਤਾਂ ਤੋਂ ਆਜ਼ਾਦੀ ਨਾਲ ਜੁੜੇ ਮਾਮਲਿਆਂ ਨੂੰ ਲੰਮੇ ਵਕਫੇ ਲਈ ਪੈਂਡਿੰਗ ਰੱਖਣ ਦੀ ਉਮੀਦ ਨਹੀਂ ਹੈ ਅਤੇ ਉਹ ਅਜਿਹਾ ਨਾ ਕਰਨ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਮੈਡੀਕਲ ਆਧਾਰ 'ਤੇ ਅਸਥਾਈ ਜ਼ਮਾਨਤ ਦੀ ਪਟੀਸ਼ਨ 'ਤੇ ਸੁਣਵਾਈ 2 ਮਹੀਨੇ ਬਾਅਦ ਲਈ ਟਾਲਣ 'ਤੇ ਸੁਪਰੀਮ ਕੋਰਟ 'ਚ ਜਸਟਿਸ ਬੀ. ਆਰ. ਗਵਈ ਅਤੇ ਜਸਟਿਸ ਆਗਸਟੀਨ ਜਾਰਜ

ਮਸੀਹ ਦੀ ਬੈਂਚ ਨੇ ਇਹ ਟਿੱਪਣੀ ਕੀਤੀ। ਪਟੀਸ਼ਨਰ ਦੇ ਵਕੀਲ ਨੇ ਕਿਹਾ ਕਿ ਪਟੀਸ਼ਨਰ ਨੇ ਆਪਣੀ 2 ਸਾਲ ਦੀ ਬੇਟੀ ਦੀ ਤੁਰੰਤ ਸਰਜਰੀ ਨੂੰ ਲੈ ਕੇ ਅਸਥਾਈ ਜ਼ਮਾਨਤ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ। ਹਾਈ ਕੋਰਟ ਨੇ 21 ਫਰਵਰੀ ਨੂੰ ਪਾਸ ਆਪਣੇ ਹੁਕਮ 'ਚ ਮਾਮਲੇ ਦੀ ਸੁਣਵਾਈ 22 ਅਪ੍ਰੈਲ ਲਈ ਟਾਲ ਦਿੱਤੀ ਸੀ। ਇਸ 'ਤੇ ਸੁਪਰੀਮ ਕੋਰਟ 'ਚ ਬੈਂਚ ਨੇ ਕਿਹਾ ਕਿ ਆਜ਼ਾਦੀ ਦੇ ਮਾਮਲਿਆਂ 'ਚ ਅਦਾਲਤਾਂ ਤੋਂ ਮਾਮਲੇ ਨੂੰ ਇੰਨੀ ਲੰਮੀ ਤਾਰੀਖ਼ ਤੱਕ ਰੱਖਣ ਦੀ ਉਮੀਦ ਨਹੀਂ ਕੀਤੀ ਜਾਂਦੀ ਹੈ। ਬੈਂਚ ਨੇ ਪਟੀਸ਼ਨਰ ਨੂੰ ਪਹਿਲਾਂ ਸੁਣਵਾਈ ਲਈ ਹਾਈ ਕੋਰਟ ਜਾਣ ਦੀ ਆਗਿਆ ਦਿੱਤੀ। ਬੈਂਚ ਨੇ ਹਾਈ ਕੋਰਟ ਨੂੰ ਕਿਹਾ ਕਿ ਉਹ ਤਾਰੀਖ਼ ਪਹਿਲਾਂ ਕਰੇ ਅਤੇ ਪਟੀਸ਼ਨਰ ਦੀ ਬੇਟੀ ਦੇ ਆਪ੍ਰੇਸ਼ਨ ਦੇ ਮੈਡੀਕਲ ਆਧਾਰ 'ਤੇ ਅਸਥਾਈ ਜ਼ਮਾਨਤ ਦੇਣ ਦੇ ਮਾਮਲੇ 'ਚ ਸੁਣਵਾਈ ਕਰੇ।

ਭਾਰਤ-ਪਾਕਿ ਸਰਹੱਦ ਨੇੜੇ ਪਾਕਿਸਤਾਨ ਵਲੋਂ ਆਏ ਡਰੋਨ ਸਣੇ ਸਾਢੇ 12 ਕਰੋੜ ਰੁਪਏ ਦੀ ਹੈਰੋਇਨ ਬਰਾਮਦ

ਫਿਰੋਜ਼ਪੁਰ, 8 ਮਾਰਚ। ਬੀਐੱਸਐੱਫ ਦੀ 182 ਬਟਾਲੀਅਨ ਨੇ ਫਿਰੋਜ਼ਪੁਰ ਭਾਰਤ-ਪਾਕਿ ਸਰਹੱਦ ਦੇ ਬੀਓਪੀ ਜਾਮਾ ਰੱਖਈਆ ਖੇਤਰ ਦੇ ਖੇਤਾਂ ਵਿਚੋਂ ਇੱਕ ਡਰੋਨ ਅਤੇ ਇੱਕ ਬੈਗ ਬਰਾਮਦ ਕੀਤਾ ਹੈ, ਜਿਸ ਵਿੱਚੋਂ ਹੈਰੋਇਨ ਦੇ 5 ਪੈਕੇਟ ਬਰਾਮਦ ਹੋਏ ਹਨ ਜਿਨ੍ਹਾਂ ਦਾ ਵਜ਼ਨ ਕਰੀਬ ਢਾਈ ਕਿੱਲੋ ਹੈ, ਜਿਸਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ ਕਰੀਬ ਸਾਢੇ 12 ਕਰੋੜ ਰੁਪਏ ਦੱਸੀ ਜਾਂਦੀ ਹੈ। ਜਾਣਕਾਰੀ ਅਨੁਸਾਰ ਜਦੋਂ ਇੱਕ ਕਿਸਾਨ ਬੀਓਪੀ ਜਾਮਾ ਰਖਈਆ ਦੇ ਇਲਾਕੇ ਵਿੱਚ ਆਪਣੇ ਖੇਤਾਂ ਵਿੱਚ ਗਿਆ ਤਾਂ ਉਸਨੇ ਖੇਤਾਂ ਵਿੱਚ ਇੱਕ ਬੈਗ ਪਿਆ ਦੇਖਿਆ ਜੋ ਡਰੋਨ ਦੇ ਨਾਲ ਬੰਨਿਆ ਹੋਇਆ ਸੀ। ਉਸ ਨੂੰ ਬੈਗ ਵਿੱਚ ਪੈਕੇਟ ਦਿਖਾਈ ਦਿੱਤੇ ਤੇ ਉਸਨੇ ਤੁਰੰਤ ਇਸ ਬਾਰੇ ਬੀਐੱਸਐੱਫ ਦੀ 182 ਬਟਾਲੀਅਨ ਨੂੰ ਸੂਚਿਤ ਕੀਤਾ ਅਤੇ ਬੀਐੱਸਐੱਫ ਦੇ ਜਵਾਨ ਤੁਰੰਤ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਉੱਥੇ ਪਹੁੰਚੇ ਅਤੇ ਬੈਗ ਵਿੱਚੋਂ ਹੈਰੋਇਨ ਦੇ 5 ਪੈਕੇਟ ਅਤੇ ਇੱਕ ਚੀਨ ਦਾ ਬਣਿਆ ਡਰੋਨ ਬਰਾਮਦ ਕੀਤਾ। ਪਤਾ ਲੱਗ ਗਿਆ ਹੈ ਕਿ ਹੈਰੋਇਨ ਨਾਲ ਭਰਿਆ ਇਹ ਬੈਗ ਪਾਕਿਸਤਾਨੀ ਤਸਕਰਾਂ ਵੱਲੋਂ ਭਾਰਤੀ ਤਸਕਰਾਂ ਲਈ ਭੇਜਿਆ ਗਿਆ ਸੀ, ਜਿਸ ਨੂੰ ਬੀਐੱਸਐੱਫ ਨੇ ਕਬਜੇ ਵਿੱਚ ਲੈ ਲਿਆ ਹੈ ਅਤੇ ਭਾਰਤੀ ਅਤੇ ਪਾਕਿਸਤਾਨੀ ਸਮਾਂ ਸਮਗਲਰਾਂ ਦੇ ਤਸਕਰਾਂ ਦੇ ਨਾਪਾਕ ਮਨਸੂਬਿਆਂ ਨੂੰ ਇੱਕ ਵਾਰ ਫਿਰ ਨਾਕਾਮ ਕਰ ਦਿੱਤਾ ਹੈ। ਬੀਐੱਸਐੱਫ ਅਤੇ ਪੁਲਸ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਪਾਕਿਸਤਾਨੀ ਤਸਕਰਾਂ ਨੇ ਇਹ ਹੈਰੋਇਨ ਕਿਹੜੇ ਭਾਰਤੀ ਤਸਕਰਾਂ ਨੂੰ ਭੇਜੀ ਸੀ ਅਤੇ ਇਸਨੂੰ ਅੱਗੇ ਕਿੱਥੇ ਪਹੁੰਚਾਇਆ ਜਾਣਾ ਸੀ।

ਮਹਿਲਾ ਸਮਰਿਧੀ ਯੋਜਨਾ ਲਈ 5,100 ਕਰੋੜ ਰੁਪਏ ਨੂੰ ਮਨਜ਼ੂਰੀ: ਨੱਢਾ

ਏਜੰਸੀਆਂ

ਨਵੀਂ ਦਿੱਲੀ 8 ਮਾਰਚ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਨੇ ਸ਼ਨੀਵਾਰ ਨੂੰ ਕਿਹਾ ਕਿ ਦਿੱਲੀ ਕੈਬਨਿਟ ਨੇ ਮਹਿਲਾ ਸਮ੍ਰਿਧੀ ਯੋਜਨਾ ਨੂੰ ਲਾਗੂ ਕਰਨ ਲਈ 5,100 ਕਰੋੜ ਰੁਪਏ ਦੇ ਅਲਾਟਮੈਂਟ ਨੂੰ ਮਨਜ਼ੂਰੀ ਦੇ ਦਿੱਤੀ ਹੈ, ਜਿਸ ਦੇ ਤਹਿਤ ਰਾਸ਼ਟਰੀ ਰਾਜਧਾਨੀ 'ਚ ਔਰਤਾਂ ਨੂੰ ਹਰ ਮਹੀਨੇ 2,500 ਰੁਪਏ ਮਿਲਣਗੇ। ਕੌਮਾਂਤਰੀ ਮਹਿਲਾ ਦਿਵਸ ਮੌਕੇ ਇੱਥੇ ਆਯੋਜਿਤ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਨੱਢਾ ਨੇ ਦਿੱਲੀ ਦੀਆਂ ਔਰਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਯੋਜਨਾ ਨੂੰ ਤੁਰੰਤ ਸ਼ੁਰੂ ਕੀਤਾ ਜਾਵੇਗਾ। ਨੱਢਾ ਨੇ ਜ਼ੋਰ ਦੇ ਕੇ ਕਿਹਾ ਕਿ ਇਸ ਯੋਜਨਾ ਦੇ ਸ਼ੁਰੂ ਹੋਣ ਨਾਲ ਦਿੱਲੀ 'ਚ ਮਹਿਲਾ ਸਸ਼ਕਤੀਕਰਨ ਦਾ ਕੰਮ ਸ਼ੁਰੂ ਹੋ ਗਿਆ ਹੈ। ਇਸ ਮੌਕੇ ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਹੋਰ ਸੀਨੀਅਰ ਆਗੂ ਮੌਜੂਦ ਸਨ।

ਭਾਜਪਾ ਦੀ ਚੋਣਾਵੀ ਸਫਲਤਾ ਵਿਚ ਔਰਤਾਂ ਦੀ ਭੂਮਿਕਾ ਨੂੰ ਸਵੀਕਾਰ ਕਰਦੇ ਹੋਏ ਨੱਢਾ ਨੇ ਕ

ਹੈਬੋਵਾਲ ਦੇ ਜੱਸੀਆਂ ਰੋਡ 'ਤੇ ਬਣ ਰਹੀਆਂ ਨਾਜਾਇਜ਼ ਕਾਲੋਨੀਆਂ ਅਤੇ ਬਿਲਡਿੰਗਾਂ ਨੂੰ ਲੈ ਕੇ ਆਖਿਰ ਖੁੱਲ੍ਹੀ ਨਿਗਮ ਦੀ ਨੀਂਦ

ਲੁਧਿਆਣਾ 8 ਮਾਰਚ। ਹੈਬੋਵਾਲ ਦੇ ਜੱਸੀਆਂ ਰੋਡ 'ਤੇ ਬਣ ਰਹੀਆਂ ਨਾਜਾਇਜ਼ ਕਾਲੋਨੀਆਂ ਅਤੇ ਬਿਲਡਿੰਗਾਂ ਨੂੰ ਲੈ ਕੇ ਆਖਿਰ ਨਗਰ ਨਿਗਮ ਦੀ ਨੀਂਦ ਖੁੱਲ੍ਹ ਗਈ ਹੈ, ਜਿਸ ਦੇ ਤਹਿਤ ਮੰਗਲਵਾਰ ਨੂੰ ਜ਼ੋਨ-ਡੀ ਦੀ ਟੀਮ ਵੱਲੋਂ ਉਥੇ ਹੋਏ ਨਿਰਮਾਣ ਨੂੰ ਤੋੜਨ ਦੀ ਕਾਰਵਾਈ ਕੀਤੀ ਗਈ। ਇਹ ਕਾਰਵਾਈ ਨਗਰ ਨਿਗਮ ਕਮਿਸ਼ਨਰ ਕੋਲ ਸ਼ਿਕਾਇਤ ਪੁੱਜਣ ਤੋਂ ਬਾਅਦ ਖਿਚਾਈ ਹੋਣ 'ਤੇ ਕੀਤੀ ਗਈ, ਜਿਸ ਨੂੰ ਲੈ ਕੇ ਬਿਲਡਿੰਗ ਬ੍ਰਾਂਚ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਾਲੋਨੀ ਦਾ ਮਾਲਕ ਨਾ ਤਾਂ ਮਨਜ਼ੂਰੀ ਲੈਣ ਲਈ ਤਿਆਰ ਹੈ ਅਤੇ ਨਾ ਹੀ ਕਈ ਵਾਰ ਰੋਕਣ ਦੇ ਬਾਵਜੂਦ ਸਾਈਟ 'ਤੇ ਨਿਰਮਾਣ ਕਾਰਜ ਬੰਦ ਕੀਤਾ ਜਾ ਰਿਹਾ ਹੈ। ਇਸ ਦੇ ਮੱਦੇਨਜ਼ਰ ਕਾਲੋਨੀ 'ਚ ਬਣੀਆਂ ਸੜਕਾਂ ਤੋਂ ਇਲਾਵਾ 2 ਕਮਰਸ਼ੀਅਲ ਬਿਲਡਿੰਗਾਂ ਅਤੇ ਮਕਾਨਾਂ ਨੂੰ ਵੀ ਤੋੜ ਦਿੱਤਾ ਗਿਆ ਹੈ। ਨਗਰ ਨਿਗਮ ਅਧਿਕਾਰੀਆਂ ਮੁਤਾਬਕ ਕਾਲੋਨੀ ਦੇ ਮਾਲਕ ਨੇ ਜੇਕਰ ਫੀਸ ਜਮ੍ਹਾ ਕਰਵਾਉਣ ਲਈ ਅਪਲਾਈ ਨਹੀਂ ਕੀਤਾ ਤਾਂ ਉਸ ਦੇ ਖਿਲਾਫ ਪੁਲਸ ਕੇਸ ਦਰਜ ਕਰਵਾਉਣ ਦੇ ਨਾਲ ਰਜਿਸਟਰੀ ਅਤੇ ਬਿਜਲੀ ਕੁਨੈਕਸ਼ਨ ਪਾਸ ਕਰਨ 'ਤੇ ਰੋਕ ਲਗਾਉਣ ਦੀ ਸਿਫਾਰਿਸ਼ ਕੀਤੀ ਜਾਵੇਗੀ। ਸਰਾਭਾ ਨਗਰ ਦੇ ਰਿਹਾਇਸ਼ੀ ਇਲਾਕੇ 'ਚ ਨਾਜਾਇਜ਼ ਤੌਰ 'ਤੇ ਚੱਲ ਰਹੀਆਂ ਕਮਰਸ਼ੀਅਲ ਗਤੀਵਿਧੀਆਂ ਖਿਲਾਫ ਕਾਰਵਾਈ ਦੌਰਾਨ ਫਿਰ ਹੋਇਆ ਪਿੱਕ ਐਂਡ ਚੂਜ ਨਗਰ ਨਿਗਮ ਵੱਲੋਂ ਮੰਗਲਵਾਰ ਨੂੰ ਸਰਾਭਾ ਨਗਰ ਸਥਿਤ ਗਾਰਡਨ ਕੈਫੇ ਨੂੰ ਸੀਲ ਕਰ ਦਿੱਤਾ

ਗਿਆ। ਇਹ ਕਾਰਵਾਈ ਰਿਹਾਇਸ਼ੀ ਇਲਾਕੇ 'ਚ ਨਾਜਾਇਜ਼ ਤੌਰ 'ਤੇ ਚੱਲ ਰਹੀ ਕਮਰਸ਼ੀਅਲ ਗਤੀਵਿਧੀਆਂ ਦੇ ਦੋਸ਼ 'ਚ ਕੀਤੀ ਗਈ ਹੈ। ਭਾਵੇਂ ਨਗਰ ਨਿਗਮ ਵੱਲੋਂ ਇਸ ਤੋਂ ਪਹਿਲਾਂ ਵੀ ਗਾਰਡਨ ਕੈਫੇ ਨੂੰ ਸੀਲ ਕੀਤਾ ਗਿਆ ਸੀ ਪਰ ਸਿਆਸੀ ਦਖਲਅੰਦਾਜ਼ੀ ਕਾਰਨ ਕੁਝ ਦੇਰ ਬਾਅਦ ਖੋਲ੍ਹ ਦਿੱਤਾ ਗਿਆ ਅਤੇ ਹੁਣ ਸਰਕਾਰ ਕੋਲ ਸ਼ਿਕਾਇਤ ਪੁੱਜਣ ਦੀ ਵਜ੍ਹਾ ਨਾਲ ਦੋਬਾਰਾ ਤਾਲਾਬੰਦੀ ਕੀਤੀ ਗਈ ਹੈ। ਇਸ ਕਾਰਵਾਈ ਨੂੰ ਲੈ ਕੇ ਨਗਰ ਨਿਗਮ 'ਤੇ ਪਿਕ ਐਂਡ ਚੂਜ ਪਾਲਿਸੀ ਵਰਤਣ ਦੇ ਦੋਸ਼ ਲੱਗ ਰਹੇ ਹਨ ਕਿਉਂਕਿ ਸਰਾਭਾ ਨਗਰ 'ਚ ਮਲਹਾਰ ਰੋਡ ਤੋਂ ਗੁਰੂ ਨਾਨਕ ਪਬਲਿਕ ਸਕੂਲ ਅਤੇ ਗੋਪਾਲ ਸਵੀਟ ਦੇ ਨਾਲ ਤੋਂ ਲੈ ਕੇ ਚਰਚ ਤਕ ਦਾ ਏਰੀਆ ਰਿਹਾਇਸ਼ੀ ਹੋਣ ਦੇ ਬਾਵਜੂਦ ਉਥੇ ਨਾਜਾਇਜ਼ ਤੌਰ 'ਤੇ ਕਮਰਸ਼ੀਅਲ ਗਤੀਵਿਧੀਆਂ ਚੱਲ ਰਹੀਆਂ ਹਨ, ਜਿਨ੍ਹਾਂ 'ਚੋਂ ਸਿਰਫ ਇਕ ਦੇ ਖਿਲਾਫ ਹੀ ਸੀਲਿੰਗ ਦੀ ਕਾਰਵਾਈ ਕੀਤੀ ਗਈ ਹੈ। ਨਗਰ ਨਿਗਮ ਕਮਿਸ਼ਨਰ ਵੱਲੋਂ ਮੰਗਲਵਾਰ ਨੂੰ ਚਾਰੇ ਜ਼ੋਨਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਇਸ ਦੌਰਾਨ ਉਨ੍ਹਾਂ ਬਿਲਡਿੰਗ ਬ੍ਰਾਂਚ ਦਾ ਰੈਵੇਨਿਊ ਟਾਰਗੈੱਟ ਦੇ ਮੁਕਾਬਲੇ ਕਾਫੀ ਡਾਊਨ ਨੂੰ ਲੈ ਕੇ ਨਾਰਾਜ਼ਗੀ ਜਾਹਿਰ ਕੀਤੀ ਅਤੇ ਏ. ਟੀ. ਪੀਜ ਨੂੰ ਫੀਲਡ 'ਚ ਉਤਰ ਕੇ ਚੈਕਿੰਗ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਜੋ ਵੀ ਬਿਲਡਿੰਗ ਨਕਸ਼ਾ ਪਾਸ ਕਰਵਾਏ ਬਿਨਾਂ ਬਣ ਰਹੀ ਹੈ, ਉਨ੍ਹਾਂ ਤੋਂ ਨਿਯਮਾਂ ਅਨੁਸਾਰ ਜੁਰਮਾਨਾ ਵਸੂਲਣ ਦੀ ਕਾਰਵਾਈ ਕੀਤੀ ਜਾਵੇ। ਇਸੇ ਉਦੇਸ਼ ਤਹਿਤ ਨਾਜਾਇਜ਼ ਤੌਰ 'ਤੇ ਬਿਲਡਿੰਗ ਬਣਾਉਣ ਦੇ ਦੋਸ਼ 'ਚ ਜਾਰੀ ਚਲਾਨਾਂ ਦੀ ਅਸਿਸਮੈਂਟ ਦਾ ਕੰਮ ਜਲਦ ਪੂਰਾ ਕਰਨ ਲਈ ਬੋਲਿਆ ਗਿਆ ਹੈ।

ਊਠ ਦੇ ਬਾਅਦ ਇਕ ਆਦਮੀ ਨੇ ਆਪਣੇ ਗਧੇ ਦੀ ਇਕ ਲੱਤ ਅਤੇ ਗੁਪਤ ਅੰਗ ਵੱਢ ਦਿੱਤਾ, ਦੋਸੀ ਗ੍ਰਿਫ਼ਤਾਰ

ਗੁਰਦਾਸਪੁਰ/ ਇਸਲਾਮਾਬਾਦ 8 ਮਾਰਚ। ਪਾਕਿਸਤਾਨ ਦੇ ਸੰਘਰ ਜ਼ਿਲ੍ਹੇ ਵਿਚ ਇਕ ਊਠ ਦਾ ਪੈਰ ਵੱਢਣ ਦੀ ਤਾਜਾ ਘਟਨਾ ਤੋਂ ਬਾਅਦ ਹੈਦਰਾਬਾਦ ਵਿਚ ਜਾਨਵਰਾਂ ਨਾਲ ਜ਼ੁਲਮ ਦਾ ਇਕ ਹੋਰ ਮਾਮਲਾ ਸਾਹਮਣੇ ਆਇਆ ਹੈ। ਸਰਹੱਦ ਪਾਰਲੇ ਸੂਤਰਾਂ ਅਨੁਸਾਰ ਸਿਰੀ ਪੁਲਸ ਸਟੇਸਨ ਦੀ ਹੱਦ ਅੰਦਰ ਇਕ ਪਸ਼ੂ ਕਾਲੋਨੀ ਨੇੜੇ ਇਕ ਗਧੇ ਦੀ ਲੱਤ ਅਤੇ ਗੁਪਤ ਅੰਗ ਕਥਿਤ ਤੌਰ 'ਤੇ ਕੱਟੇ ਗਏ ਸਨ। ਘਟਨਾ ਦੀ ਸੂਚਨਾ ਮਿਲਣ 'ਤੇ ਸੀਰੀ ਪੁਲਸ ਨੇ ਪੀੜਤ ਜਾਨਵਰ ਨੂੰ ਹਿਰਾਸਤ 'ਚ ਲੈ ਕੇ ਉਸ ਦੇ ਮਾਲਕ ਮੀਰ

ਹਸਨ ਰਿੰਦ ਨੂੰ ਗ੍ਰਿਫਤਾਰ ਕਰ ਲਿਆ ਹੈ। ਸਬ-ਇੰਸਪੈਕਟਰ ਅਰਸਲਾਨ ਲਤੀਫ ਚੰਨਾ ਵੱਲੋਂ ਦਾਇਰ ਸ਼ਿਕਾਇਤ ਤੋਂ ਬਾਅਦ ਦੋਸੀ ਰਿੰਦ 'ਤੇ ਪਾਕਿਸਤਾਨ ਪੀਨਲ ਕੋਡ ਦੀ ਧਾਰਾ 429 ਤਹਿਤ ਦੋਸ ਆਇਦ ਕੀਤੇ ਗਏ ਹਨ। ਅਦਾਲਤ ਨੇ ਰਿੰਦ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਰਿਪੋਰਟਾਂ ਦੇ ਅਨੁਸਾਰ ਗਧੇ ਦੇ ਮਾਲਕ ਰਿੰਦ ਨੇ ਗੁੱਸੇ ਵਿਚ ਜਾਨਵਰ ਦੀ ਲੱਤ ਅਤੇ ਜਣਨ ਅੰਗਾਂ ਨੂੰ ਕੱਟਣ ਲਈ ਕੁਹਾੜੀ ਦੀ ਵਰਤੋਂ ਕੀਤੀ।

ਅੰਮ੍ਰਿਤਸਰ ਜਿਲ੍ਹੇ 'ਚ ਵਾਪਰਿਆ ਦਰਦਨਾਕ ਭਾਣਾ

ਹਰਸਾ ਛੀਨਾ 8 ਮਾਰਚ। ਹਲਕਾ ਰਾਜਾਸਾਂਸੀ ਅਧੀਨ ਆਉਂਦੇ ਪਿੰਡ ਤੋਲਾ ਨੰਗਲ ਹਰਸ਼ਾ ਛੀਨਾ ਸਬਾਜਪੁਰਾ ਵਿਖੇ 3 ਬੱਚਿਆਂ ਦੀ ਨਹਿਰ 'ਚ ਡੁੱਬ ਕੇ ਮੌਤ ਹੋਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਮ੍ਰਿਤਕ ਜਸਕਰਨ ਸਿੰਘ (13), ਕ੍ਰਿਸ (14), ਲਵਪ੍ਰੀਤ ਸਿੰਘ (14) ਵਾਸੀ ਪਿੰਡ ਤੋਲਾ ਨੰਗਲ ਦੇ ਮਾਪਿਆਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚੇ ਨੇੜਲੇ ਪਿੰਡ ਸਬਾਜਪੁਰਾ ਵਿਖੇ ਬਾਬਾ ਭਾਗੇ ਦੇ ਗੁਰਦੁਆਰਾ ਸਾਹਿਬ ਵਿਖੇ ਮੇਲਾ ਵੇਖਣ ਗਏ ਸਨ ਅਤੇ ਮੇਲਾ

ਦੇਖਣ ਤੋਂ ਬਾਅਦ ਲਾਹੌਰ ਬ੍ਰਾਂਚ ਨਹਿਰ 'ਚ ਨਹਾਉਣ ਲੱਗੇ। ਇਸ ਦੌਰਾਨ 4 ਦੋਸਤ ਨਹਿਰ 'ਚ ਪਾਣੀ ਦੇ ਤੇਜ ਵਹਾਅ 'ਚ ਫਸ ਕੇ ਰੁੜ੍ਹ ਗਏ, ਜਿਨ੍ਹਾਂ 'ਚੋਂ 1 ਬੱਚੇ ਨੂੰ ਸਥਾਨਕ ਲੋਕਾਂ ਨੇ ਬਚਾਅ ਲਿਆ, ਜਦੋਂਕਿ ਬਾਕੀ ਨਹਿਰ 'ਚ ਰੁੜ੍ਹ ਗਏ। ਮੌਕੇ 'ਤੇ ਪਹੁੰਚੇ ਥਾਣਾ ਰਾਜਾਸਾਂਸੀ ਦੇ ਐੱਸ.ਐੱਚ.ਓ. ਕਰਮਪਾਲ ਸਿੰਘ, ਤਹਿਸੀਲਦਾਰ ਜਸਵਿੰਦਰ ਸਿੰਘ ਏ.ਡੀ.ਸੀ. ਅੰਮ੍ਰਿਤਸਰ ਨੇ ਪਹੁੰਚ ਕੇ ਗੋਤਾਖੋਰਾਂ ਦੀ ਟੀਮ ਨੂੰ ਬੁਲਾਇਆ ਅਤੇ 2 ਬੱਚਿਆਂ ਦੀਆਂ ਲਾਸਾਂ ਬਰਾਮਦ ਕੀਤੀਆਂ, ਜਦਕਿ ਇਕ ਦੀ ਭਾਲ ਜਾਰੀ ਹੈ।

ਮਾਝੇ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਚ ਬੇਅਦਬੀ ਦੀ ਘਟਨਾ, ਤਣਾਅਪੂਰਨ ਹੋਇਆ ਮਾਹੌਲ

ਝਬਾਲ 8 ਮਾਰਚ। ਮਾਝੇ ਦੇ ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਅੱਜ ਸਵੇਰੇ ਇਕ ਲੱਤ ਤੋਂ ਅਪਾਹਜ ਨੌਜਵਾਨ ਨੇ ਗੁਰਦੁਆਰਾ ਸਾਹਿਬ ਜੀ ਦੇ ਅੰਦਰ ਨਿੱਤ ਨੇਮ ਦੇ ਗੁੱਟਕਾ ਸਾਹਿਬ ਦੇ ਰਹਿਰਾਸ ਸਾਹਿਬ ਦੇ ਅੰਗ ਪਾੜ ਦਿੱਤੇ। ਜਿਸ ਨੂੰ ਮੌਕੇ 'ਤੇ ਹਾਜਰ ਸੰਗਤ ਨੇ ਫੜਕੇ ਕੁਟਾਪਾ ਚਾੜ੍ਹਨ ਉਪਰੰਤ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ। ਘਟਨਾ ਦਾ ਪਤਾ ਲੱਗਦਿਆਂ ਥਾਣਾ ਝਬਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਤਿਕਾਰ ਕਮੇਟੀ ਦੇ ਪ੍ਰਧਾਨ ਤਰਲੋਚਨ ਸਿੰਘ ਸੋਹਲ ਅਤੇ ਸਰੂਪ ਸਿੰਘ ਭੁੱਚਰ ਦੀ ਅਗਵਾਈ ਵਿਚ ਸਿੰਘ ਮੌਕੇ 'ਤੇ ਪਹੁੰਚੇ ਜਿਨ੍ਹਾਂ ਨੇ ਪੁਲਸ ਕੋਲੋਂ ਬਾਰੀਕੀ ਨਾਲ ਜਾਂਚ ਦੀ ਮੰਗ ਕੀਤੀ। ਇਸ ਸਮੇਂ ਮਾਹੌਲ ਤਣਾਅਪੂਰਨ ਹੁੰਦਿਆਂ ਦੇਖ ਤੁਰੰਤ ਮੌਕੇ 'ਤੇ ਪਹੁੰਚੇ ਥਾਣਾ ਮੁਖੀ ਜੱਸਾ ਸਿੰਘ ਨੇ ਕਿਹਾ ਕਿ ਫੜੇ ਗਏ ਮੁਲਜਮ ਕੋਲੋਂ ਸਖਤੀ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ। ਮੁਲਜਮ ਦੀ ਪਛਾਣ ਕਰਮਜੀਤ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਭੋਜੀਆਂ ਹਾਲ ਵਾਸੀ ਅੱਡਾ ਝਬਾਲ ਵਜੋਂ ਹੋਈ ਹੈ

ਸਕਾਰਪੀਓ ਗੱਡੀ ਅਤੇ ਮੋਟਰਸਾਈਕਲ ਦੀ ਟੱਕਰ 'ਚ ਇਕ ਵਿਅਕਤੀ ਦੀ ਮੌਤ

ਬਰਨਾਲਾ 8 ਮਾਰਚ। ਸਕਾਰਪੀਓ ਗੱਡੀ ਅਤੇ ਮੋਟਰਸਾਈਕਲ ਦੀ ਟੱਕਰ ਵਿਚ ਮੋਟਰਸਾਈਕਲ ਚਾਲਕ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਥਾਣਾ ਸਦਰ ਬਰਨਾਲਾ ਦੇ ਪੁਲਸ ਅਧਿਕਾਰੀ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਕੋਲ ਗੁਰਜੰਟ ਸਿੰਘ ਵਾਸੀ ਚੀਮਾਂ ਨੇ ਬਿਆਨ ਦਰਜ ਕਰਵਾਏ ਕਿ ਮੇਰਾ ਭਰਾ ਹਰਬੰਸ ਸਿੰਘ ਆਪਣੇ ਮੋਟਰਸਾਈਕਲ 'ਤੇ ਬਰਨਾਲਾ ਤੋਂ ਆਪਣੇ ਪਿੰਡ ਚੀਮਾ ਨੂੰ ਆ ਰਿਹਾ ਸੀ ਤਾਂ ਪਿੱਛੋਂ ਦੀ ਆ ਰਹੀ ਸਕਾਰਪੀਓ ਗੱਡੀ ਦੇ ਡਰਾਇਵਰ ਯਾਦਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਮਨੀਆਲਾ ਜ਼ਿਲ੍ਹਾ ਤਰਨਤਾਰਨ ਨੇ ਬੜੀ ਤੇਜ਼ ਰਫ਼ਤਾਰ ਅਤੇ ਅਣਗਹਿਲੀ ਨਾਲ ਮੇਰੇ ਭਰਾ ਦੇ ਮੋਟਰਸਾਈਕਲ ਵਿਚ ਟੱਕਰ ਮਾਰੀ। ਇਸ ਹਾਦਸੇ ਕਾਰਨ ਉਹ ਗੰਭੀਰ ਰੂਪ ਵਿਚ ਜ਼ਖਮੀ ਹੋ ਗਿਆ। ਇਸ ਦੌਰਾਨ ਉਸ ਨੂੰ ਗੰਭੀਰ ਹਾਲਤ ਵਿਚ ਇਲਾਜ ਲਈ ਹਸਪਤਾਲ ਲਿਆਂਦਾ ਗਿਆ ਪਰ ਇਲਾਜ ਦੌਰਾਨ ਉਸਦੀ ਮੌਤ ਹੋ ਗਈ। ਮੁਦੱਈ ਦੇ ਬਿਆਨਾਂ ਦੇ ਆਧਾਰ 'ਤੇ ਯਾਦਵਿੰਦਰ ਸਿੰਘ ਖਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕਾਰ 'ਤੇ ਹੈਰੋਇਨ ਦੀ ਸਪਲਾਈ ਦੇਣ ਜਾ ਰਹੇ ਮੁਲਜਮਾਂ ਨੂੰ ਪੁਲਸ ਨੇ ਪਾ ਲਿਆ ਘੇਰਾ, ਨਕਦੀ ਸਣੇ ਕਾਬੂ

ਲੁਧਿਆਣਾ 8 ਮਾਰਚ। ਕਾਰ ਵਿਚ ਹੈਰੋਇਨ ਸਪਲਾਈ ਕਰਨ ਆਏ 2 ਮੁਲਜਮਾਂ ਨੂੰ ਥਾਣਾ ਫੋਕਲ ਪੁਆਇੰਟ ਦੀ ਪੁਲਸ ਨੇ ਕਾਬੂ ਕੀਤਾ ਹੈ। ਫੜੇ ਗਏ ਮੁਲਜਮਾਂ ਦੀ ਪਛਾਣ ਵਰਿੰਦਰ ਸਿੰਘ ਉਰਫ ਬਿੰਦੀ ਅਤੇ ਅਮਰੀਕ ਸਿੰਘ ਵਜੋਂ ਹੋਈ ਹੈ। ਮੁਲਜਮਾਂ ਤੋਂ 235 ਗ੍ਰਾਮ ਹੈਰੋਇਨ, 10 ਹਜਾਰ ਡਰੱਗ ਮਨੀ, 2 ਮੋਬਾਈਲ ਤੇ ਕਾਰ ਬਰਾਮਦ ਹੋਈ ਹੈ। ਸੇਠੀ ਕੁਮਾਰ ਮੁਤਾਬਕ ਉਹ ਪਿੰਡ ਰਾਮਗੜ੍ਹ ਕਟ 'ਤੇ ਮੌਜੂਦ ਸਨ। ਇਸ ਦੌਰਾਨ ਮੁਲਜਮ ਆਪੀ ਈਟੀਓਸ ਕਾਰ 'ਤੇ ਆ ਰਹੇ ਸਨ, ਜਿਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੁਲਜਮ ਪੁਲਸ ਨੂੰ ਵੇਖ ਕੇ ਭੱਜਣ ਲੱਗ ਪਏ। ਪੁਲਸ ਨੇ ਮੁਲਜਮਾਂ ਨੂੰ ਕਾਬੂ ਕਰ ਲਿਆ। ਤਲਾਸ਼ੀ ਦੌਰਾਨ ਮੁਲਜਮਾਂ ਤੋਂ ਹੈਰੋਇਨ ਬਰਾਮਦ ਹੋਈ। ਪੁਲਸ ਮੁਲਜਮਾਂ ਦਾ ਰਿਮਾਂਡ ਹਾਸਲ ਕਰ ਕੇ ਪੁੱਛਗਿੱਛ ਕਰ ਰਹੀ ਹੈ।

ਪੰਜਾਬ ਪੁਲਸ ਨੇ ਅੰਤਰਰਾਸ਼ਟਰੀ ਸਮੱਗਲਿੰਗ ਗਿਰੋਹ ਦਾ ਕੀਤਾ ਪਰਦਾਫਾਸ਼

ਅੰਮ੍ਰਿਤਸਰ 8 ਮਾਰਚ। ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਤਹਿਤ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਕਾਰਵਾਈ ਕਰਦੇ ਹੋਏ ਵੱਡੀ ਸਫਲਤਾ ਹਾਸਲ ਕੀਤੀ ਹੈ। ਕੇਂਦਰੀ ਏਜੰਸੀਆਂ ਦੀ ਮਦਦ ਨਾਲ ਅੰਮ੍ਰਿਤਸਰ ਦਿਹਾਤੀ ਪੁਲਸ ਨੇ ਹਥਿਆਰਾਂ ਦੀ ਸਮੱਗਲਿੰਗ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕੀਤਾ ਹੈ। ਪੁਲਸ ਨੇ ਅਮਰੀਕਾ ਆਧਾਰਿਤ ਸਮੱਗਲਰ ਭੋਲਾ ਹਵੇਲੀਆਂ, (ਰਣਜੀਤ ਚੀਤਾ ਦਾ ਭਰਾ) ਦੇ ਨਿਰਦੇਸ਼ਾਂ 'ਤੇ ਕੰਮ ਕਰਨ ਵਾਲੇ 3 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ 6 ਪਿਸਤੌਲ ਤੇ 10 ਮੈਗਜੀਨ ਬਰਾਮਦ ਕੀਤੇ ਗਏ ਹਨ।

ਜਿਲ੍ਹਾ ਜਲੰਧਰ 35 ਸੇਵਾ ਕੇਂਦਰਾਂ ਰਾਹੀਂ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ 'ਚ ਸੂਬੇ 'ਚ ਬਣਿਆ ਮੋਹਰੀ

ਜਲੰਧਰ 8 ਮਾਰਚ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਜ ਜ਼ਿਲ੍ਹੇ ਵਿਚ ਸੇਵਾ ਕੇਂਦਰਾਂ ਵੱਲੋਂ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਦੀ ਸਮੀਖਿਆ ਕਰਦਿਆਂ ਅਧਿਕਾਰੀਆਂ ਨੂੰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿਚ 'ਜੀਰੋ ਪੈਂਡੈਂਸੀ'ਦਾ ਟੀਚਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਸਥਾਨਕ ਜ਼ਿਲ੍ਹਾ ਪ੍ਰਸ਼ਾਸਨਿਕ ਕੰਪਲੈਕਸ ਵਿਚ ਸੇਵਾ ਕੇਂਦਰਾਂ, ਮਾਲੀਆ ਵਿਭਾਗ ਅਤੇ ਵੱਖ-ਵੱਖ ਸੇਵਾਵਾਂ ਨਾਲ ਸਬੰਧਤ ਹੋਰ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਜਲੰਧਰ ਨੇ 0.09 ਫੀਸਦੀ ਦੀ ਦਰ ਨਾਲ ਲੋਕਾਂ ਨੂੰ ਨਾਗਰਿਕ ਸੇਵਾਵਾਂ ਪ੍ਰਦਾਨ ਕਰਨ ਵਿਚ ਸੂਬੇ ਭਰ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ 19 ਜੂਨ 2023 ਤੋਂ 18 ਜੂਨ 2024 ਤਕ ਪ੍ਰਸ਼ਾਸਨ ਨੂੰ ਜ਼ਿਲ੍ਹੇ ਦੇ ਸਾਰੇ 35 ਸੇਵਾ ਕੇਂਦਰਾਂ ਵਿਚ 430 ਤੋਂ ਜ਼ਿਆਦਾ ਸੇਵਾਵਾਂ ਲਈ 389771 ਅਰਜੀਆਂ ਪ੍ਰਾਪਤ

ਹੋਈਆਂ, ਜਿਨ੍ਹਾਂ ਵਿਚੋਂ ਸਿਰਫ 366 (0.09 ਫੀਸਦੀ) ਹੀ ਨਿਪਟਾਰੇ ਲਈ ਪੈਂਡਿੰਗ ਹਨ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਪੂਰੀ ਟੀਮ ਦਾ ਮਨੋਬਲ ਵਧਾਉਂਦਿਆਂ ਅਧਿਕਾਰੀਆਂ ਨੂੰ ਕਿਹਾ ਕਿ ਸੇਵਾਵਾਂ ਲਈ ਆਨਲਾਈਨ ਅਤੇ ਆਫਲਾਈਨ ਢੰਗ ਨਾਲ ਪ੍ਰਾਪਤ ਅਰਜੀਆਂ ਦਾ ਨਿਪਟਾਰਾ ਸਮਾਂਬੱਧ ਢੰਗ ਨਾਲ ਕਰਨ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਪੈਂਡੈਂਸੀ ਨੂੰ ਜੀਰੋ ਕੀਤਾ ਜਾ ਸਕੇ। ਡਾ. ਅਗਰਵਾਲ ਨੇ ਸੇਵਾ ਕੇਂਦਰਾਂ ਦੇ ਕਰਮਚਾਰੀਆਂ ਨੂੰ ਨਿਰਦੇਸ਼ ਦਿੱਤਾ ਕਿ ਵੱਖ-ਵੱਖ ਸੇਵਾਵਾਂ ਲਈ ਬਿਨੈਕਾਰਾਂ ਤੋਂ ਸਿਰਫ ਉਹੀ ਦਸਤਾਵੇਜ ਲਏ ਜਾਣ ਜੋ ਵਿਭਾਗ ਵੱਲੋਂ ਜਰੂਰੀ ਹਨ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਬੈਠਕ ਵਿਚ ਮੌਜੂਦ ਮਾਲੀਆ ਵਿਭਾਗ, ਸਮਾਜਿਕ ਸੁਰੱਖਿਆ ਅਤੇ ਹੋਰ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਆਪਣੇ ਵਿਭਾਗਾਂ ਨਾਲ ਸਬੰਧਤ ਸੇਵਾਵਾਂ ਦਾ ਸਮੇਂ 'ਤੇ ਨਿਪਟਾਰਾ ਕੀਤਾ ਜਾਵੇ। ਇਸ ਮੌਕੇ ਜ਼ਿਲ੍ਹਾ ਰੈਵੇਨਿਊ ਅਧਿਕਾਰੀ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਧਿਕਾਰੀ ਮਨਜਿੰਦਰ ਸਿੰਘ ਅਤੇ ਹੋਰ ਮੌਜੂਦ ਸਨ।

ਇਤਿਹਾਸਕ ਮੁਗਲ ਰੋਡ 'ਤੇ ਹੋਈ ਭਾਰੀ ਬਰਫਬਾਰੀ, ਬਰਫ ਦੀ ਚਿੱਟ

ਧੀ ਨੂੰ ਹੋ ਰਿਹਾ ਸੀ ਢਿੱਡ 'ਚ ਦਰਦ, ਦਵਾਈ ਦਿਵਾਉਣ ਗਈ ਮਾਂ ਨੂੰ ਡਾਕਟਰ ਨੇ ਜੋ ਦੱਸਿਆ, ਪੈਰਾਂ ਹੇਠੋਂ ਖਿਸਕੀ ਜਮੀਨ

ਫਾਜਿਲਕਾ 8 ਮਾਰਚ। ਇੱਥੇ ਫਾਜ਼ਿਲਕਾ ਦੇ ਪਿੰਡ ਸੈਦੋਂ ਕੇ ਹਿਠਾੜ ਵਿਖੇ ਕਾਲਜ 'ਚ ਪੜ੍ਹਦੀ ਇਕ ਕੁੜੀ ਨਾਲ ਜਬਰ-ਜ਼ਿਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਬਾਰੇ ਉਦੋਂ ਪਤਾ ਲੱਗਾ, ਜਦੋਂ ਕੁੜੀ ਨੂੰ ਢਿੱਡ 'ਚ ਦਰਦ ਹੋਇਆ ਤਾਂ ਹਸਪਤਾਲ 'ਚ ਚੈੱਕਅਪ ਦੌਰਾਨ ਉਹ 5 ਮਹੀਨਿਆਂ ਦੀ ਗਰਭਵਤੀ ਨਿਕਲੀ। ਫਿਲਹਾਲ ਪੁਲਸ ਨੇ ਇਸ ਮਾਮਲੇ ਸਬੰਧੀ 2 ਨੌਜਵਾਨਾਂ ਖ਼ਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਮੁਤਾਬਕ ਪੀੜਤਾ ਨੇ ਦੱਸਿਆ ਕਿ ਬੀਤੇ ਜਨਵਰੀ ਮਹੀਨੇ ਦੌਰਾਨ ਜਦੋਂ ਉਹ ਇਕ ਦਿਨ ਕਾਲਜ ਤੋਂ ਵਾਪਸ ਆ ਰਹੀ ਸੀ ਤਾਂ ਪਿੰਡ ਦੇ 2 ਨੌਜਵਾਨਾਂ ਨੇ ਉਸ ਨਾਲ ਜਬਰ-ਜ਼ਿਨਾਹ ਕੀਤਾ ਅਤੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ। ਹੁਣ ਜਦੋਂ ਕੁੜੀ ਦੇ ਢਿੱਡ 'ਚ ਦਰਦ ਹੋਇਆ ਤਾਂ ਉਸ ਦੇ ਪਰਿਵਾਰ ਵਾਲੇ ਉਸ ਨੂੰ ਫਾਜ਼ਿਲਕਾ ਦੇ ਸਰਕਾਰੀ ਹਸਪਤਾਲ ਲੈ ਗਏ, ਜਿੱਥੇ ਡਾਕਟਰਾਂ ਨੇ ਦੱਸਿਆ ਕਿ ਪੀੜਤਾ 5 ਮਹੀਨਿਆਂ ਦੀ ਗਰਭਵਤੀ ਹੈ। ਇਹ ਸੱਚਾਈ ਜਾਣ ਕੇ ਪੀੜਤਾ ਦੀ ਮਾਂ ਬੁਰੀ ਤਰ੍ਹਾਂ ਟੁੱਟ ਗਈ। ਉਸ ਨੇ ਰੋਂਦੇ ਹੋਇਆ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਉਨ੍ਹਾਂ ਦੇ ਇਕ ਬੱਚੇ ਨੂੰ ਕੈਂਸਰ ਹੈ। ਉਸ ਨੇ ਦੱਸਿਆ ਕਿ ਉਸ ਦੀ ਧੀ ਨਾਲ ਜੋ ਵੀ ਹੋਇਆ ਹੈ, ਉਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ ਅਤੇ ਦੋਸ਼ੀਆਂ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਫਿਲਹਾਲ ਸਦਰ ਥਾਣਾ ਪੁਲਸ ਨੇ ਇਸ ਮਾਮਲੇ 'ਚ 2 ਨੌਜਵਾਨਾਂ ਖ਼ਿਲਾਫ ਜਬਰ-ਜ਼ਿਨਾਹ ਦਾ ਮੁਕੱਦਮਾ ਦਰਜ ਕਰ ਲਿਆ ਹੈ। ਐੱਸ. ਐੱਚ. ਓ. ਪਰਮਜੀਤ ਕੁਮਾਰ ਦਾ ਕਹਿਣਾ ਹੈ ਕਿ ਪੁਲਸ ਵੱਲੋਂ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਚੌਗਿਰਦੇ ਦੀ ਸੰਭਾਲ ਲਈ ਪੰਚਾਇਤ ਦਾ ਅਨੋਖਾ ਉੱਦਮ, 'ਪਲਾਸਟਿਕ ਲਿਆਓ, ਗੁੜ-ਖੰਡ ਲੈ ਜਾਓ'

ਬਰਨਾਲਾ 8 ਮਾਰਚ। ਪਿੰਡ ਭੈਣੀ ਮਹਿਰਾਜ ਦੀ ਗ੍ਰਾਮ ਪੰਚਾਇਤ ਨੇ ਚੌਗਿਰਦੇ ਦੀ ਸੰਭਾਲ ਲਈ ਉੱਦਮ ਕਰਦਿਆਂ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦਾ ਸੰਕਲਪ ਲੈਂਦਿਆਂ 'ਪਲਾਸਟਿਕ ਕੂੜਾ ਲਿਆਓ, ਗੁੜ-ਖੰਡ ਲੈ ਜਾਓ' ਦਾ ਨਾਅਰਾ ਦਿੱਤਾ ਹੈ। ਪਿੰਡ ਦੀ ਸੱਥ 'ਚ ਕੀਤੇ ਗਏ ਆਮ ਇਜਲਾਸ 'ਚ ਪਿੰਡ ਦੀ ਵਿਉਂਤਬੰਦੀ ਦਾ ਖਾਕਾ ਗ੍ਰਾਮ ਸਭਾ ਦੇ ਮੈਂਬਰਾਂ ਨੇ ਖੁਦ ਉਲੀਕਿਆ। ਔਰਤਾਂ ਦੀ ਭਰਵੀਂ ਹਾਜਰੀ ਵਾਲੇ ਆਮ ਇਜਲਾਸ ਦੀ ਪ੍ਰਧਾਨਗੀ ਚੇਅਰਪਰਸਨ ਸੁਖਵਿੰਦਰ ਕੌਰ ਨੇ ਕੀਤੀ। ਇਸ ਮੌਕੇ ਵਾਤਾਵਰਣ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਦੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਵੀ ਹਾਜਰ ਰਹੇ। ਇਸ ਮੌਕੇ ਪਿੰਡ ਦੇ ਮੋਹਤਬਰ ਆਗੂ ਗਗਨਦੀਪ ਸਿੰਘ ਤੇ ਜਤਿੰਦਰ ਸਿੰਘ ਨੇ ਦੱਸਿਆ ਕਿ ਪਿੰਡ ਨੂੰ ਪਲਾਸਟਿਕ ਮੁਕਤ ਕਰਨ ਦੇ ਉਦੇਸ਼ ਨਾਲ ਜੋ ਪਿੰਡ ਵਾਸੀ ਪੰਚਾਇਤ ਨੂੰ ਪਲਾਸਟਿਕ ਕਚਰਾ ਦੇਣਗੇ, ਉਸ ਬਦਲੇ ਮੁਫਤ 'ਚ ਗੁੜ ਜਾਂ ਖੰਡ ਦਿੱਤੀ ਜਾਵੇਗੀ। ਸਰਬਸੰਮਤੀ ਨਾਲ ਪਾਸ ਕੀਤੇ ਗਏ ਇਸ ਕਾਰਜ ਦੀ ਸ਼ੁਰੂਆਤ 2 ਜੁਲਾਈ ਤੋਂ ਕੀਤੀ ਜਾਵੇਗੀ, ਹਰ ਤਿੰਨ ਮਹੀਨਿਆਂ ਬਾਅਦ ਲੋਕਾਂ ਤੋਂ ਪਲਾਸਟਿਕ ਕਚਰਾ ਲਿਆ ਜਾਵੇਗਾ। ਇਸ ਤੋਂ ਇਲਾਵਾ ਔਰਤਾਂ ਦੇ ਸਸਕਤੀਕਰਨ ਲਈ ਕਦਮ ਵਧਾਉਂਦੇ ਹੋਏ ਲਿੰਗ ਸਮਾਨਤਾ, ਔਰਤਾਂ ਨੂੰ ਬਰਾਬਰ ਦੇ

ਮੌਕੇ ਮੁਹੱਈਆ ਕਰਨਾ, ਔਰਤਾਂ ਤੇ ਕੁੜੀਆਂ ਨੂੰ ਸੁਰੱਖਿਅਤ ਮਾਹੌਲ ਦੇਣ ਆਦਿ ਬਾਰੇ ਮਤੇ ਪਾਸ ਕੀਤੇ ਗਏ। ਗੁਰਪ੍ਰੀਤ ਸਿੰਘ ਪੰਚਾਇਤ ਸਕੱਤਰ ਨੇ ਸਾਲ 2022-23 ਦੌਰਾਨ ਦਾ ਆਮਦਨ ਤੇ ਖਰਚ ਪੜ੍ਹ ਕੇ ਸੁਣਾਇਆ। ਇਸ ਤੋਂ ਇਲਾਵਾ ਆਮ ਇਜਲਾਸ 'ਚ ਪਾਸ ਕੀਤੇ ਗਏ ਮਤਿਆਂ 'ਚ ਛੱਪੜਾਂ ਦੇ ਗੰਦੇ ਪਾਣੀ ਦੇ ਹੱਲ ਲਈ ਥਾਪਰ ਮਾਡਲ ਦਾ ਨਿਰਮਾਣ ਕਰਨਾ, ਠੋਸ ਕੂੜਾ ਪ੍ਰਬੰਧਨ ਤਹਿਤ ਪਿਟ, ਸ਼ੈੱਡ ਤੇ ਚਾਰਦੀਵਾਰੀ, ਸੁੱਕੇ-ਗਿੱਲੇ ਕੂੜੇ ਲਈ ਕੂੜੇਦਾਨ, ਮੀਂਹ ਦੇ ਪਾਣੀ ਦੀ ਸੰਭਾਲ ਲਈ ਸਾਂਝੀਆਂ ਥਾਵਾਂ 'ਤੇ ਰੇਨ ਵਾਟਰ ਰੀਚਾਰਜ ਪਿਟ, ਕਮਿਊਨਿਟੀ ਹਾਲ ਤੇ ਲਾਇਬ੍ਰੇਰੀ ਇਮਾਰਤ ਦੀ ਉਸਾਰੀ, ਬੱਸ ਸਟੈਂਡ, ਹੈਲਥ ਡਿਸਪੈਂਸਰੀ ਦੀ ਇਮਾਰਤ, ਪਾਰਕ ਦਾ ਨਿਰਮਾਣ, ਮਹਿਲਾ ਸਭਾ ਦਾ ਗਠਨ, ਵੱਖ-ਵੱਖ ਸਕੀਮਾਂ ਦੇ ਲਾਭਪਾਤਰੀਆਂ ਦੀ ਚੋਣ, ਮਿੰਨੀ ਜੰਗਲ ਤੇ ਸਾਂਝੀਆਂ ਥਾਂਵਾਂ 'ਤੇ ਬੂਟੇ ਲਾਉਣਾ ਅਤੇ ਗਲੀਆਂ-ਨਾਲੀਆਂ ਦੀ ਉਸਾਰੀ ਕਰਨ ਦੇ ਮਤੇ ਸ਼ਾਮਲ ਕੀਤੇ ਗਏ। ਇਸ ਮੌਕੇ ਓ. ਐੱਸ. ਡੀ. ਹਸਨਪ੍ਰੀਤ ਭਾਰਦਵਾਜ ਨੇ ਪਿੰਡ ਵਾਸੀਆਂ ਨੂੰ ਪੰਜਾਬ ਸਰਕਾਰ ਦੇ ਪ੍ਰਾਜੈਕਟਾਂ ਤੋਂ ਜਾਣੂ ਕਰਵਾਇਆ ਤੇ ਕਿਹਾ ਕਿ ਪਿੰਡਾ ਦੇ ਲੋਕ ਗ੍ਰਾਮ ਸਭਾ ਦੇ ਆਮ ਇਜਲਾਸ 'ਚ ਖੁਦ ਆਪਣੇ ਪਿੰਡ ਦੇ ਵਿਕਾਸ ਦੀ ਯੋਜਨਾ ਬਣਾਉਣ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ। ਸਰਕਾਰ ਪਿੰਡਾਂ ਦੀ ਕਾਇਆ-ਕਲਪ ਲਈ ਸਿੱਖਿਆ, ਸਿਹਤ ਸੇਵਾਵਾਂ , ਵਾਤਾਵਰਣ ਅਤੇ ਖੇਡਾਂ ਲਈ ਆਧੁਨਿਕ ਖੇਡ ਮੈਦਾਨ ਬਣਾਉਣ ਨੂੰ ਤਰਜੀਹ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਮੰਤਰੀ ਮੀਤ ਹੇਅਰ ਦੇ ਨਿਰਦੇਸਾਂ ਤਹਿਤ ਪਿੰਡਾਂ ਨੂੰ ਵਾਤਵਰਣ ਪੱਖੀ ਯਤਨਾਂ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਮੌਕੇ ਟਿਕਾਊ ਵਿਕਾਸ ਦੇ 9 ਟੀਚਿਆਂ ਬਾਰੇ ਗ੍ਰਾਮ ਸਭਾ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਗਿਆ। ਸਭਾ ਦੇ ਮੈਂਬਰਾਂ ਨੇ ਟਿਕਾਊ ਵਿਕਾਸ ਦੇ ਦੋ ਥੀਮ 'ਚੰਗੇ ਸ਼ਾਸਨ ਵਾਲਾ ਪਿੰਡ' ਅਤੇ 'ਮਹਿਲਾਵਾਂ ਦੇ ਅਨੁਕੂਲ ਪਿੰਡ ਦੇ ਟੀਚਿਆਂ 'ਤੇ' ਕੰਮ ਕਰਨ ਦਾ ਸੰਕਲਪ ਲਿਆ। ਗ੍ਰਾਮ ਸਭਾ ਦੇ ਇਜਲਾਸ 'ਚ ਵੱਖ-ਵੱਖ ਵਿਭਾਗ ਦੇ ਅਧਿਕਾਰੀਆਂ ਨੇ ਆਪਣੇ-ਆਪਣੇ ਵਿਭਾਗਾਂ ਦੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ। ਇਸ ਮੌਕੇ ਜਲ ਸਪਲਾਈ ਤੇ ਸੈਨੀਟੇਸਨ ਵਿਭਾਗ ਦੇ ਬਲਾਕ ਕੋਆਰਡੀਨੇਟਰ ਕੁਲਵਿੰਦਰ ਸਿੰਘ, ਪਰਮਜੀਤ ਭੁੱਲਰ ਵੀਡੀਓ, ਸਿਹਤ ਵਿਭਾਗ ਤੋਂ ਮਲਕੀਤ ਸਿੰਘ, ਪਸੂ ਪਾਲਣ ਵਿਭਾਗ ਦੇ ਕਰਮਚਾਰੀ ਗੁਰਮੇਲ ਸਿੰਘ, ਰਾਊਂਡ ਗਲਾਸ ਸੰਸਥਾ ਦੇ ਪ੍ਰੇਮਜੀਤ ਸਿੰਘ, ਪੰਚ ਜਰਨੈਲ ਸਿੰਘ, ਹਰਮੇਲ ਸਿੰਘ ਤੇ ਡਾਕਟਰ ਨਛੱਤਰ ਸਿੰਘ ਆਦਿ ਹਾਜਰ ਸਨ।

ਆਹਮੋ-ਸਾਹਮਣੇ ਹੋਈ ਟੱਕਰ 'ਚ ਟਰੱਕਾਂ ਦੇ ਉੱਡੇ ਚਿੱਥੜੇ, ਇਕ ਦੀ ਦਰਦਨਾਕ ਮੌਤ

ਨੂਰਪੁਰਬੇਦੀ 8 ਮਾਰਚ। ਬੀਤੀ ਅੱਧੀ ਰਾਤ ਨੂੰ ਨੂਰਪੁਰਬੇਦੀ-ਸ੍ਰੀ ਅਨੰਦਪੁਰ ਸਾਹਿਬ ਮੁੱਖ 'ਤੇ ਸਥਿਤ ਪਿੰਡ ਸੈਦਪੁਰ ਨੇੜੇ ਗੁਜ਼ਰਦੇ ਸਤਲੁਜ ਦਰਿਆ 'ਤੇ ਪੈਂਦੇ ਵੱਡੇ ਪੁਲ ਉੱਪਰ 2 ਟਰੱਕਾਂ ਦੀ ਆਹਮੋ-ਸਾਹਮਣੇ ਹੋਈ ਜ਼ਬਰਦਸਤ ਟੱਕਰ 'ਚ ਇਕ ਟਰੱਕ ਦੇ ਚਾਲਕ ਦੀ ਮੌਤ ਹੋ ਗਈ ਜਦਕਿ ਦੂਜੇ ਦੀ ਹਾਲਤ ਚਿੰਤਾਜਨਕ ਦੱਸੀ ਜਾ ਰਹੀ ਹੈ। ਜਖਮੀ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਰੈਫਰ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਰਾਤ ਕਰੀਬ ਸਾਢੇ 12 ਕੁ ਵਜੇ ਟਰੱਕ ਨੰਬਰ ਐੱਚ. ਪੀ.-72-5277 ਦਾ ਚਾਲਕ/ਮਾਲਕ ਅਸ਼ੋਕ ਕੁਮਾਰ ਪ੍ਰਮਾਣੂ (ਹਿਮਾਚਲ ਪ੍ਰਦੇਸ਼) ਵਿਖੇ ਆਪਣੀ ਗੱਡੀ ਖਾਲ੍ਹੀ ਕਰਕੇ ਘਰ ਪਰਤ ਰਿਹਾ ਸੀ। ਜਦੋਂ ਉਹ ਪਿੰਡ ਸੈਦਪੁਰ ਨੇੜੇ ਸਤਲੁਜ ਦਰਿਆ 'ਤੇ ਬਣੇ ਵੱਡੇ ਪੁੱਲ 'ਤੇ ਪਹੁੰਚਿਆ ਤਾਂ ਸਾਹਮਣੇ ਦੀ ਦਿਸ਼ਾ ਤੋਂ ਆ ਰਹੇ ਟਰੱਕ ਨੰਬਰ ਐੱਚ. ਪੀ.-12ਬੀ 8581 ਦੇ ਚਾਲਕ ਨੇ ਕਿਸੇ ਨਾਮਲੂਮ ਵਾਹਨ ਨੂੰ ਕਰਾਸ ਕਰਦੇ ਸਮੇਂ ਅਣਗਹਿਲੀ ਨਾਲ ਆਪਣਾ ਟਰੱਕ ਗਲਤ ਸਾਈਡ ਲਿਜਾ ਕੇ ਦੂਸਰੇ ਟਰੱਕ ਨੂੰ ਸਾਹਮਣੇ ਮਾਰ ਦਿੱਤਾ। ਇਸ ਦੌਰਾਨ ਹੋਈ ਜਬਰਦਸਤ ਟੱਕਰ 'ਚ ਦੋਵੇਂ ਟਰੱਕਾਂ ਦੇ ਚਾਲਕ ਗੰਭੀਰ ਰੂਪ 'ਚ ਜਖਮੀ ਹੋ ਗਏ ਜਿਨ੍ਹਾਂ ਨੂੰ

ਰਾਹਗੀਰਾਂ ਵੱਲੋਂ ਇਲਾਜ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਲਿਜਾਇਆ ਗਿਆ। ਇਸ ਹਾਦਸੇ ਦੌਰਾਨ ਚਾਲਕ ਅਸ਼ੋਕ ਕੁਮਾਰ (47) ਪੁੱਤਰ ਮਨਸਾ ਰਾਮ ਨਿਵਾਸੀ ਪਿੰਡ ਸਿੰਗਾ, ਥਾਨਾ ਹਰੌਲੀ, ਜ਼ਿਲ੍ਹਾ ਊਨਾ (ਹਿਮਾਚਲ ਪ੍ਰਦੇਸ਼) ਦੀ ਮੌਤ ਹੋ ਗਈ ਜਦਕਿ ਦੂਸਰੇ ਟਰੱਕ ਦੇ ਚਾਲਕ ਜਿਸਦੀ ਹਸਪਤਾਲ ਦੇ ਰਿਕਾਰਡ ਮੁਤਾਬਿਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਨਿਵਾਸੀ ਪਿੰਡ ਰਾਮਪੁਰ ਸੋਲਾ (ਹਿਮਾਚਲ ਪ੍ਰਦੇਸ਼) ਵਜੋਂ ਪਛਾਣ ਹੋਈ ਹੈ ਦੀ ਹਾਲਤ ਨੂੰ ਗੰਭੀਰ ਦੇਖਦਿਆਂ ਪੀ. ਜੀ. ਆਈ. ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਹਾਦਸੇ 'ਚ ਦੋਵੇਂ ਟਰੱਕ ਬੁਰੀ ਤਰ੍ਹਾਂ ਨੁਕਸਾਨੇ ਗਏ। ਪੁਲਸ ਚੌਕੀ ਕਲਵਾਂ ਦੇ ਇੰਚਾਰਜ ਸਬ-ਇੰਸਪੈਕਟਰ ਹਰਮੇਸ਼ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਅਸ਼ੋਕ ਕੁਮਾਰ ਦੇ ਭਰਾ ਸ਼ਮਸ਼ੇਰ ਸਿੰਘ ਪੁੱਤਰ ਮਨਸਾ ਰਾਮ ਦੇ ਬਿਆਨਾਂ 'ਤੇ ਦੂਸਰੇ ਟਰੱਕ ਦੇ ਚਾਲਕ ਜਸਵੀਰ ਸਿੰਘ ਪੁੱਤਰ ਰਾਮ ਸਿੰਘ ਖ਼ਿਲਾਫ ਧਾਰਾ 279, 304-ਏ ਅਤੇ 427 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਆਰੰਭ ਦਿੱਤੀ ਹੈ। ਪੁਲਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਸਰਕਾਰੀ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਭੇਜ ਦਿੱਤਾ ਹੈ।

ਪ੍ਰਿੰਸੀਪਲ, ਅਧਿਆਪਕਾਂ ਸਣੇ ਸਕੂਲ ਆਫ ਐਮੀਨੈਂਸ ਦੀਆਂ ਸੈਂਕੜੇ ਅਸਾਮੀਆਂ ਖਾਲੀ

ਅੰਮ੍ਰਿਤਸਰ 8 ਮਾਰਚ। ਪੰਜਾਬ ਸਰਕਾਰ ਦਾ ਡ੍ਰੀਮ ਪ੍ਰਾਜੈਕਟ ਸਕੂਲ ਆਫ ਐਮੀਨੈਂਸ ਵਿਦਿਆਰਥੀਆਂ ਦੇ ਸੁਆਗਤ ਲਈ ਤਿਆਰ ਹੈ। ਇਸ ਸਮੇਂ ਇਨ੍ਹਾਂ ਸਕੂਲਾਂ ਵਿਚ ਅਧਿਆਪਕਾਂ, ਕਲੈਰੀਕਲ ਸਟਾਫ ਤੇ ਪ੍ਰਿੰਸੀਪਲਾਂ ਦੀਆਂ ਅਸਾਮੀਆਂ ਖਾਲੀ ਹਨ।ਅਸਾਮੀਆਂ ਖਾਲੀ ਹੋਣ ਕਾਰਨ ਸਕੂਲ ਆਫ ਐਮੀਨੈਂਸ ਦੇ ਉੱਤਮ ਹੋਣ ਦੇ ਦਾਅਵੇ ਨੂੰ ਗ੍ਰਹਿਣ ਲੱਗ ਰਿਹਾ ਹੈ। ਜ਼ਿਲ੍ਹਾ ਅੰਮ੍ਰਿਤਸਰ ਵਿਚ 11 ਕਰੋੜ ਦੀ ਲਾਗਤ ਵਾਲੇ ਚਾਰ ਸਕੂਲਾਂ ਦੀਆਂ ਇਮਾਰਤਾਂ ਬੇਸੱਕ ਆਪਣੀ ਪਛਾਣ ਜਰੂਰ ਬਣਾ ਰਹੀਆਂ ਹਨ ਪਰ ਇਨ੍ਹਾਂ ਸਕੂਲਾਂ ਵਿਚ ਖਾਲੀ ਪਈਆਂ ਟੀਚਿੰਗ ਅਤੇ ਨਾਨ-ਟੀਚਿੰਗ ਅਸਾਮੀਆਂ ਸੱਕ ਨੂੰ ਜਨਮ ਦੇ ਰਹੀਆਂ ਹਨ। ਇਸ ਸਮੇਂ ਚਾਰ ਹੋਰ ਸਕੂਲ ਆਫ ਐਮੀਨੈਂਸ ਤਿਆਰ ਕੀਤੇ ਜਾ ਰਹੇ ਹਨ। ਦੂਜੇ ਪਾਸੇ ਨੌਵੀਂ ਜਮਾਤ ਦੀ ਰਜਿਸਟ੍ਰੇਸਨ ਅਤੇ ਦਾਖਲਾ

ਪ੍ਰੀਖਿਆ ਖਤਮ ਹੋ ਚੁੱਕੀ ਹੈ। 11ਵੀਂ ਜਮਾਤ ਲਈ ਵਿਦਿਆਰਥੀਆਂ ਨੇ ਰਜਿਸਟ੍ਰੇਸਨ ਕਰਵਾਈ ਸੀ ਅਤੇ 1309 ਵਿਦਿਆਰਥੀਆਂ ਨੇ ਦਾਖਲਾ ਪ੍ਰੀਖਿਆ ਦਿੱਤੀ ਸੀ। ਇਸੇ ਤਰ੍ਹਾਂ 11ਵੀਂ ਦੀ ਰਜਿਸਟ੍ਰੇਸਨ ਚੱਲ ਰਹੀ ਹੈ। ਜਾਣਕਾਰੀ ਅਨੁਸਾਰ ਸਕੂਲ ਸਿੱਖਿਆ ਵਿਭਾਗ ਨੇ ਪੰਜਾਬ ਦੇ 117 ਸੀਨੀਅਰ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਿਚ ਤਬਦੀਲ ਕਰ ਦਿੱਤਾ ਹੈ। ਸਕੂਲ ਆਫ ਐਮੀਨੈਂਸ ਵਿਚ ਜ਼ਿਲ੍ਹਾ ਅੰਮ੍ਰਿਤਸਰ ਦੇ 8 ਸਕੂਲਾਂ ਨੂੰ ਵੀ ਸਾਮਲ ਕੀਤਾ ਗਿਆ ਹੈ। ਇਨ੍ਹਾਂ ਸਕੂਲਾਂ ਵਿਚ ਨਵਾਂ ਸੈਸਨ ਅਪ੍ਰੈਲ ਤੋਂ ਸ਼ੁਰੂ ਹੋਵੇਗਾ। ਸਕੂਲ ਆਫ ਐਮੀਨੈਂਸ ਦਾ ਉਦੇਸ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਨਾ ਤੇ ਉਨ੍ਹਾਂ ਨੂੰ ਦੇਸ ਦੇ ਜ਼ਿੰਮੇਵਾਰ ਨਾਗਰਿਕ ਬਣਨ ਲਈ ਤਿਆਰ ਕਰਨਾ ਹੈ। ਇਹ ਸਕੂਲ ਪੰਜ ਥੰਮ੍ਹਾਂ 'ਤੇ ਆਧਾਰਿਤ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸ ਵਿਚ ਮਨੁੱਖੀ ਵਸੀਲੇ, ਪ੍ਰਬੰਧਨ, ਅਧਿਆਪਨ ਅਤੇ ਗੈਰ-ਅਧਿਆਪਨ ਅਮਲਾ ਸਾਮਲ ਹੈ। ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਨ੍ਹਾਂ ਸਕੂਲਾਂ ਦਾ ਚਾਰਜ ਸੰਭਾਲਣ ਲਈ ਸਕੂਲ ਆਫ ਐਮੀਨੈਂਸ ਵਿਚ ਯੋਗ, ਕਾਬਲ, ਦੂਰਅੰਦੇਸੀ ਅਧਿਆਪਕ ਨਿਯੁਕਤ ਕੀਤੇ ਗਏ ਹਨ। ਸਕੂਲ ਆਫ ਐਮੀਨੈਂਸ ਵਿਚ ਅਧਿਆਪਕਾਂ ਦੀਆਂ 18 ਫੀਸਦੀ ਅਸਾਮੀਆਂ ਖਾਲੀ ਹਨ। ਨਾਨ-ਟੀਚਿੰਗ ਸਟਾਫ ਦੀਆਂ 46 ਫੀਸਦੀ ਅਸਾਮੀਆਂ ਖਾਲੀ ਹਨ। ਅੰਕੜਿਆਂ ਅਨੁਸਾਰ ਇਨ੍ਹਾਂ ਸਕੂਲਾਂ ਵਿਚ ਟੀਚਿੰਗ ਸਟਾਫ ਦੀਆਂ 5303 ਅਸਾਮੀਆਂ ਹਨ, ਜਿਨ੍ਹਾਂ ਵਿਚੋਂ 987 ਖਾਲੀ ਹਨ।

ਰੇਲਵੇ ਬੋਰਡ ਨੇ ਨਵੰਬਰ ਮਹੀਨੇ 'ਚ ਬਿਨਾਂ ਟਿਕਟ ਯਾਤਰੀਆਂ ਤੋਂ ਵਸੂਲਿਆ 4.45 ਕਰੋੜ ਦਾ ਜੁਰਮਾਨਾ : ਸੰਜੇ ਸਾਹੂ

ਜੈਤੋ 8 ਮਾਰਚ। ਉੱਤਰੀ ਰੇਲਵੇ ਫ਼ਿਰੋਜਪੁਰ ਦੇ ਡੀ.ਆਰ.ਐੱਮ ਸੰਜੇ ਸਾਹੂ ਨੇ ਦੱਸਿਆ ਕਿ ਰੇਲਗੱਡੀਆਂ 'ਚ ਅਣਅਧਿਕਾਰਤ ਤੌਰ 'ਤੇ ਸਫਰ ਕਰਨ ਵਾਲੇ ਯਾਤਰੀਆਂ ਦੇ ਇਸ ਰੁਝਾਨ ਨੂੰ ਰੋਕਣ ਲਈ ਡਵੀਜਨ ਦੀ ਟਿਕਟ ਚੈਕਿੰਗ ਟੀਮ ਵੱਲੋਂ ਲਗਾਤਾਰ ਰੇਲ ਗੱਡੀਆਂ ਦੀ ਚੈਕਿੰਗ ਕੀਤੀ ਜਾ ਰਹੀ ਹੈ। ਡਿਵੀਜਨ ਦੇ ਟਿਕਟ ਚੈਕਿੰਗ ਸਟਾਫ ਅਤੇ ਮੁੱਖ ਟਿਕਟ ਇੰਸਪੈਕਟਰਾਂ ਵੱਲੋਂ ਨਵੰਬਰ, 2023 ਦੌਰਾਨ ਰੇਲ ਗੱਡੀਆਂ ਦੀ ਚੈਕਿੰਗ ਦੌਰਾਨ ਕੁੱਲ 43501 ਯਾਤਰੀ ਬਿਨਾਂ ਟਿਕਟ ਜਾਂ ਅਨਿਯਮਿਤ ਤੌਰ 'ਤੇ ਸਫਰ ਕਰਦੇ ਪਾਏ ਗਏ ਅਤੇ ਉਨ੍ਹਾਂ ਤੋਂ ਲਗਭਗ 4.45 ਕਰੋੜ ਰੁਪਏ ਜੁਰਮਾਨੇ ਵਜੋਂ ਵਸੂਲੇ ਗਏ। ਫ਼ਿਰੋਜਪੁਰ ਡਿਵੀਜਨ ਨੇ ਨਵੰਬਰ, 2023 ਦੌਰਾਨ ਟਿਕਟ ਚੈਕਿੰਗ ਰਾਹੀਂ 4.45 ਕਰੋੜ ਰੁਪ

ਮੁਲਾਕਾਤ

ਆਪਣੀ ਸੰਤੁਸ਼ਟੀ ਤੇ ਸਮਾਜ ਲਈ ਲਿਖਦਾ ਹਾਂ

ਅਜਮੇਰ ਸਿੱਧੂ

ਹਰਮੀਤ ਸਿੰਘ ਅਟਵਾਲ
ਮੋਬਾਈਲ : 98155-03287

ਅਜਮੇਰ ਸਿੱਧੂ ਪੰਜਾਬੀ ਦਾ ਚਰਚਿਤ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਲੋਕ ਵੇਦਨਾ ਦੀ ਬਾਤ ਪਾਉਂਦੀਆਂ ਤਰਕ ਦਾ ਪੱਲਾ ਨਹੀਂ ਛੱਡਦੀਆਂ...

• ਆਪਣੇ ਕਿੱਤੇ, ਸਿੱਖਿਆ ਤੇ ਪਰਿਵਾਰ ਬਾਰੇ ਦਸਦੇ ਹੋਏ ਉਸ ਘਰੇਲੂ ਮਾਹੌਲ ਦਾ ਨਕਸ਼ਾ ਖਿੱਚੋ, ਜਿਨ੍ਹਾਂ ਪ੍ਰਸਥਿਤੀਆਂ ਵਿਚ ਲੇਖਕ ਅਜਮੇਰ ਸਿੱਧੂ ਜਨਮ ਲੈਂਦਾ ਹੈ?

ਮੈਂ ਅਧਿਆਪਨ ਦੇ ਕਿੱਤੇ ਨਾਲ ਜੁੜਿਆ ਹੋਇਆ ਹਾਂ। ਮੇਰੀ ਵਿੱਦਿਅਕ ਯੋਗਤਾ ਈ. ਐਸ.ਸੀ, ਐਮ.ਏ, ਬੀ.ਐਡ ਹੈ। ਮੇਰਾ ਜਨਮ ਨਵਾਂ ਸ਼ਹਿਰ ਲਾਗੇ ਛੋਟੇ ਜਿਹੇ ਪਿੰਡ ਜਫ਼ਰਪੁਰ ਦਾ ਹੈ ਪਰ ਇਸ ਪਿੰਡ 'ਚ ਮੈਂ ਬਹੁਤਾ ਸਮਾਂ ਨਹੀਂ ਰਿਹਾ। ਮੈਂ ਟੱਪਰੀਵਾਸ ਤਬੀਅਤ ਦਾ ਰਿਹਾ ਹਾਂ। ਮੇਰੇ ਪਿਤਾ ਜੀ ਸ. ਬੂਝਾ ਸਿੰਘ ਤੇ ਭਰਾ ਖੇਤੀਬਾੜੀ ਦੇ ਪੁਰਾਣੇ ਸੰਦ ਖ਼ਰੀਦੇ ਤੇ ਉਨ੍ਹਾਂ ਦੀ ਮੁਰੰਮਤ ਕਰਕੇ ਵੇਚਦੇ ਸਨ। ਮੇਰਾ ਸਧਾਰਨ ਕਿਰਤੀ ਪਰਿਵਾਰ ਸੀ ਪਰ ਰਾਜਨੀਤਿਕ ਤੌਰ 'ਤੇ ਸੁਚੇਤ। ਉਹ ਕ੍ਰਾਂਤੀਕਾਰੀ, ਇਨਕਲਾਬੀ ਲਹਿਰ ਦੇ ਮੁਦਈ ਸਨ। ਮੇਰਾ ਭਰਾ ਸ. ਸਤਨਾਮ ਸਿੰਘ ਰਾਜਨੀਤਕ ਸਾਹਿਤ ਪੜ੍ਹਦਾ ਹੁੰਦਾ ਸੀ। ਉਸ ਤੋਂ ਹੀ ਮੈਨੂੰ ਸਾਹਿਤ ਪੜ੍ਹਨ ਤੇ ਸਾਹਿਤ ਨਾਲ ਜੁੜਨ ਦੀ ਜਾਗ ਲੱਗੀ। ਉਹ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਵਿਚਾਰਧਾਰਾ ਨਾਲ ਜੋੜਨਾ ਚਾਹੁੰਦਾ ਸੀ। ਮੈਂ ਸੋਚਿਆ ਉਹ ਲੀਡਰ ਬਣ ਜਾਵੇ ਤੇ ਮੈਂ ਲੇਖਕ ਬਣ ਜਾਂਦਾ ਹਾਂ। ਪਰ ਉਹ ਲੀਡਰ ਤਾਂ ਕੀ, ਕੁਝ ਨਾ ਬਣਿਆ ਤੇ ਨਸ਼ਿਆਂ ਦੀ ਦਲਦਲ ਵਿਚ ਫਸ ਕੇ ਮੌਤ ਦੇ ਮੂੰਹ ਜਾ ਪਿਆ ਪਰ ਮੈਂ ਚਾਰ ਅੱਖਰ ਲਿਖਣ ਜੋਗਾ ਹੋ ਗਿਆ।

• ਤੁਸੀਂ ਕਹਾਣੀ, ਜੀਵਨੀ ਤੇ ਵਾਰਤਕ ਦੇ ਖੇਤਰ 'ਚ ਜਾਣੇ-ਪਛਾਣੇ ਤੇ ਸਥਾਪਤ ਲੇਖਕ ਹੋ। ਆਪਣੇ ਇਸ ਸਾਹਿਤ ਦੀ ਪਛਾਣ ਕਰਾਓ?

ਮੈਂ ਮੂਲ ਰੂਪ 'ਚ ਕਹਾਣੀਕਾਰ ਹੀ ਹਾਂ। 'ਨਚੀਕੇਤਾ ਦੀ ਮੌਤ', 'ਖੂਹ ਗਿੜਦਾ ਹੈ' ਤੇ 'ਖ਼ੁਸ਼ਕ ਅੱਖ ਦਾ ਖ਼ਾਬ' ਮੇਰੇ ਤਿੰਨ ਕਹਾਣੀ ਸੰਗ੍ਰਹਿ ਹਨ। ਪੰਜਾਬੀ ਤੇ ਅੰਗਰੇਜ਼ੀ 'ਚ ਗ਼ਦਰੀ ਬਾਬਾ ਬੂਲਾ ਸਿੰਘ ਦੀ ਜੀਵਨੀ 'ਬਾਬਾ ਬੂਲਾ ਸਿੰਘ (ਗ਼ਦਰ ਤੋਂ ਨਸਲਬਾੜੀ ਤਕ), ਇਨਕਲਾਬੀ ਸੂਰਮੇ ਕਾਮਰੇਡ ਦਰਸ਼ਨ ਦੁਸਾਂਝ ਦੀ ਜੀਵਨੀ 'ਤੁਰਦੇ ਪੈਰਾਂ ਦੀ ਦਾਸਤਾਨ' ਤੇ ਵਿਗਿਆਨਕ ਲੇਖ ਸੰਗ੍ਰਹਿ 'ਚਮਤਕਾਰਾਂ ਦੀ ਦੁਨੀਆ' ਪੁਸਤਕਾਂ ਹਨ। 'ਨਰਕ ਕੁੰਡ' (ਕਹਾਣੀ ਸੰਗ੍ਰਹਿ), 'ਜੈਮਲ ਸਿੰਘ ਪੱਡਾ (ਜੀਵਨ ਤੇ ਚੌਣਵੀ ਰਚਨਾ)', 'ਪਾਸ਼ ਦੀ ਚੌਣਵੀ ਕਵਿਤਾ' ਤੇ 'ਸੰਤ ਰਾਮ ਉਦਾਸੀ (ਸ਼ਖ਼ਸੀਅਤ ਤੇ ਸਮੁੱਚੀ ਰਚਨਾ)' ਮੇਰੀਆਂ ਸੰਪਾਦਤ ਪੁਸਤਕਾਂ ਹਨ। ਦੋ-ਮਾਸਿਕ 'ਵਿਗਿਆਨ ਜੋਤ' ਦਾ ਮੈਂ 1997 ਤੋਂ ਸੰਪਾਦਕ ਹਾਂ। 'ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ' ਹੁਣ ਤਕ ਦੀਆਂ ਕੁਲ ਕਹਾਣੀਆਂ ਡਾ. ਰਮਿੰਦਰ ਕੌਰ ਜੀ ਨੇ ਸੰਪਾਦਤ ਪੁਸਤਕ ਕੀਤੀ ਹੈ।

• ਤੁਸੀਂ ਪੰਜਾਬੀ ਕਹਾਣੀ ਦੀ ਚੌਥੀ ਪੀੜ੍ਹੀ ਦੇ ਮੋਹਰਲੀ ਕਤਾਰ ਦੇ ਕਹਾਣੀਕਾਰਾਂ ਵਿਚ ਸ਼ਾਮਿਲ ਹੋ। ਤੁਸੀਂ ਨਾਟਕ ਖੇਡਦੇ-ਖੇਡਦੇ ਕਹਾਣੀ ਖੇਤਰ ਵਿਚ ਕਿਵੇਂ ਆ ਗਏ? ਜੋ ਤੁਹਾਨੂੰ ਪੰਜਾਬੀ ਕਹਾਣੀ ਵਿਚ ਸਥਾਨ ਮਿਲਿਆ, ਉਸ ਨੂੰ ਕਿਵੇਂ ਮਹਿਸੂਸ ਕਰਦੇ ਹੋ?

ਮੈਂ ਨਾਟਕ ਲਿਖੇ ਵੀ ਤੇ ਖੇਡੇ ਵੀ ਪਰ ਥੀਏਟਰ ਕਰਨਾ ਔਖਾ ਕਾਰਜ ਹੈ। ਮੈਂ ਸ. ਜਸਵੰਤ ਸਿੰਘ ਕੇਵਲ ਤੇ ਹਸਨ ਮੰਟੋ ਦੇ ਨਾਵਲ ਤੇ ਕਹਾਣੀਆਂ ਪੜ੍ਹ ਕੇ ਬਹੁਤ ਪ੍ਰਭਾਵਿਤ ਹੋਇਆ ਤੇ ਮੇਰੇ ਮੂੰਹ 'ਚੋਂ ਨਿਕਲ ਗਿਆ ਕਿ ਇਸ ਤਰ੍ਹਾਂ ਦੀਆਂ ਕਹਾਣੀਆਂ ਤਾਂ ਮੈਂ ਵੀ ਲਿਖ ਸਕਦਾ ਹਾਂ। ਮੈਂ ਬੀ.ਐਸ.ਸੀ ਕਰਦੇ ਸਮੇਂ ਦਿੱਲੀ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਦੇ ਕਤਲੇਆਮ ਵਿਰੁੱਧ ਤੇ ਪੰਜਾਬ ਅੰਦਰ ਹੁੰਦੇ ਕਤਲਾਂ ਦੇ ਵਿਰੁੱਧ ਦੋ-ਚਾਰ ਕਹਾਣੀਆਂ ਲਿਖੀਆਂ ਵੀ। 1963 'ਚ ਮੈਂ ਗੌਰਮਿੰਟ ਕਾਲਜ ਆਫ਼ ਐਜੂਕੇਸ਼ਨ ਜਲੰਧਰ ਵਿਖੇ ਪੜ੍ਹਨ ਲੱਗ ਪਿਆ। ਫਿਰ 1966 ਤਕ ਜਲੰਧਰ ਹੀ ਰਿਹਾ। ਉਦੋਂ ਜਲੰਧਰ 'ਚ ਚੌਥੀ ਪੀੜ੍ਹੀ ਦੇ ਕਹਾਣੀਕਾਰ ਮਿੱਤਰ, ਪੰਜਾਬੀ ਕਹਾਣੀਆਂ ਲਈ ਬਹੁਤ ਸਰਗਰਮੀਆਂ ਕਰਦੇ ਹੁੰਦੇ ਸਨ। ਮੈਨੂੰ ਜਲੰਧਰ 'ਚ ਕਹਾਣੀ ਸਿਰਜਣ ਵਾਲਾ ਮਾਹੌਲ ਮਿਲਿਆ। ਮੇਰੀਆਂ ਪਹਿਲਾਂ ਤਿੰਨ ਕਹਾਣੀਆਂ ਸਿਰਜਣਾ, ਲਕੀਰ ਤੇ ਚਿਰਾਗ 'ਚ ਛਪਣ ਉਪਰੰਤ ਚਰਚਾ ਹੋਣ ਕਾਰਨ ਮੈਂ ਕਹਾਣੀ ਵੱਲ ਪੱਕੇ ਪੈਰੀ ਤੁਰ ਪਿਆ। ਬਾਕੀ ਮੈਨੂੰ ਕਹਾਣੀ 'ਚ ਆਪਣੇ ਸਥਾਨ ਬਾਰੇ ਤਾਂ ਪਤਾ ਨਹੀਂ।

• ਜੇ ਮੈਂ ਕਹਾਣੀਕਾਰ ਨੂੰ ਪੁੱਛਾਂ, ਤੁਸੀਂ ਕਹਾਣੀਆਂ 'ਚ ਕੀ ਰਹਿਣਾ ਚਾਹੁੰਦੇ ਹੋ ਤਾਂ ਤੁਹਾਡਾ ਕੀ ਜਵਾਬ ਹੋਵੇਗਾ?

ਮੈਂ ਜਸਵੰਤ ਸਿੰਘ ਕੰਵਲ, ਮੰਟੋ, ਕੁਲਵੰਤ ਸਿੰਘ ਵਿਰਕ, ਧੀਰ, ਸੁਜਾਨ ਸਿੰਘ, ਗਾਰਗੀ ਤੇ ਰਘਬੀਰ ਢੰਡ ਹੁਰਾਂ ਨੂੰ ਪੜ੍ਹ ਕੇ ਲਿਖਣ ਲੱਗਾ ਸੀ। ਇਨ੍ਹਾਂ ਦੇ ਸਰੋਕਾਰ ਲੋਕਾਂ ਨਾਲ ਜੁੜੇ ਹੋਏ ਸਨ। ਮੈਂ ਪਾਤਰ ਤੇ ਘਟਨਾਵਾਂ ਸਮਾਜ 'ਚੋਂ ਲੈਂਦਾ ਹਾਂ। ਆਪਣੀ ਕਲਪਨਾ ਸ਼ਕਤੀ ਹੀ ਸੰਤੁਸ਼ਟ ਨਹੀ ਕਰਦਾ, ਸਗੋਂ ਸਮਾਜ ਲਈ ਵੀ ਲਿਖਦਾ ਹਾਂ। ਮੇਰੇ ਲਈ ਲੋਕ ਅਹਿਮ ਹਨ। ਮੈਂ ਉਨ੍ਹਾਂ ਲੋਕਾਂ ਲਈ ਲਿਖਦਾ ਹਾਂ, ਜੋ ਘਰ 'ਚ, ਸਮਾਜ 'ਚ ਤੇ ਦੇਸ਼ ਪੱਧਰ 'ਤੇ ਨੁਕਰੇ ਲਾਏ ਹੋਏ ਹਨ। ਮੈਂ ਮਨੁੱਖੀ ਆਜ਼ਾਦੀ ਤੇ ਖ਼ੁਸ਼ਹਾਲੀ ਦਾ ਮੁਦਈ ਹਾਂ। ਮੈਂ ਕਹਾਣੀ ਨੂੰ ਪਾਰਟੀ ਪ੍ਰਚਾਰ ਜਾਂ ਭਾਸ਼ਣ ਵਜੋਂ ਨਹੀ ਲੈਂਦਾ। ਇਹ ਬੜੀ ਸੂਖਮ ਕਲਾ ਹੈ। ਇਸ ਵਿਚ ਬਹੁਤ ਛੋਟੀ ਤੇ ਬਹੁਤ ਵੱਡੀ ਕਲਾ ਕਲਾਤਮਕਤਾ ਨਾਲ ਕਹੀ ਜਾ ਸਕਦੀ ਹੈ। ਮੈਂ ਕਹਾਣੀ ਲਿਖਣ ਵੇਲੇ ਮਨੁੱਖੀ ਸੁਹਜ-ਸੁਆਦ ਨੂੰ ਵੀ ਧਿਆਨ 'ਚ ਰੱਖਦਾ ਹਾਂ।

• ਕਹਾਣੀਆਂ ਨੂੰ ਤੁਸੀਂ ਚਿੰਬੜਦੇ ਹੋ ਜਾਂ ਕਹਾਣੀਆਂ ਤੁਹਾਨੂੰ ਲਿਖਣ ਲਈ ਹੋਕਾ ਲਾਉਂਦੀਆਂ ਹਨ?

ਕਹਾਣੀ ਲਿਖਣਾ ਕਿਹੜਾ ਕਰਤਾਰੀ ਵਰਤਾਰਾ ਹੈ। ਕਹਾਣੀਕਾਰ ਮਿਹਨਤ ਕਰੇਗਾ, ਪੜ੍ਹੇਗਾ, ਸਮਾਜ 'ਚ ਵਿਚਰੇਗਾ, ਦੂਰ-ਦੁਰੇਡੇ ਘੁੰਮੇ-ਫਿਰੇਗਾ, ਉਸ ਕੋਲ ਗੱਲਾਂ ਜਾਂ ਘਟਨਾਵਾਂ ਦੇ ਭੰਡਾਰ ਹੋਣਗੇ, ਚੰਗੀਆਂ ਪੁਸਤਕਾਂ ਤੇ ਸਿਆਣੇ ਬੰਦੇ ਉਸ ਨੂੰ ਵਿਚਾਰ ਦੇਣਗੇ। ਫਿਰ ਉਹ ਕਲਪਨਾ ਉਡਾਰੀਆਂ ਮਾਰੇਗਾ। ਤਦ ਜਾ ਕੇ ਕਹਾਣੀ ਜਨਮ ਲਵੇਗੀ। ਜਦੋਂ ਐਨਾ ਕੁਝ ਤੁਹਾਡੇ ਅੰਦਰ ਭਰ ਜਾਵੇਗਾ ਤਾਂ ਤੁਹਾਡੇ ਅੰਦਰ ਪਈ ਕਹਾਣੀ ਹੋਕੇ ਲਾਵੇਗੀ ਲਿਖਵਾਉਣ ਨੂੰ।

• ਸਾਹਿਤ ਰਚਨਾ ਕਰਨ ਦਾ ਕੀ ਫ਼ਾਇਦਾ ਹੋਇਆ ਤੇ ਕੀ ਨੁਕਸਾਨ ਹੋਇਆ?

ਸਾਹਿਤ ਸਿਰਜਣਾ ਕੋਈ ਵਪਾਰ ਥੋੜ੍ਹਾ ਹੈ? ਘਾਟੇ-ਵਾਧੇ ਦਾ ਸਵਾਲ ਵਪਾਰ 'ਚ ਹੁੰਦਾ ਹੈ। ਮੈਂ ਤੁਹਾਡੀ ਗੱਲ ਸਮਝਦਾ। ਲੇਖਕ ਲਈ ਸਾਹਿਤ ਵਪਾਰ ਨਹੀ ਹੈ, ਪ੍ਰਕਾਸ਼ਕ ਲਈ ਹੈ। ਜਿਹੜੇ ਫ਼ਾਇਦੇ ਨੁਕਸਾਨ ਦੀ ਗੱਲ ਤੁਸੀਂ ਕਰਦੇ ਹੋ। ਮੈਂ ਦੋ ਵਾਰ ਅਮਰੀਕਾ ਕਹਾਣੀ ਕਾਨਫਰੰਸਾਂ 'ਤੇ ਪੇਪਰ ਪੜ੍ਹ ਆਇਆ ਹਾਂ। ਪੰਜਾਬ 'ਚ ਤਾਂ ਹਰ ਹਫ਼ਤੇ ਯਾਤਰਾ 'ਤੇ ਰਹਿੰਦਾ ਹਾਂ ਤੇ ਵੱਖ-ਵੱਖ ਭਾਰਤੀ ਸਟੇਟਾਂ ਦਾ ਵੀ ਦੌਰਾ ਕੀਤਾ ਹੈ। ਜੇ ਮੈਂ ਕਹਾਣੀਕਾਰ ਨਾ ਹੁੰਦਾ, ਸ਼ਾਇਦ ਦੇਸ਼-ਵਿਦੇਸ਼ ਘੁੰਮ ਨਾ ਸਕਦਾ। ਦੁਨੀਆ ਭਰ ਵਿਚ ਪੰਜਾਬੀ ਸਾਹਿਤ ਨਾਲ ਜੁੜੇ ਲੋਕ ਜਾਣਦੇ ਹਨ, ਪਿਆਰ ਕਰਦੇ ਹਨ, ਦੁੱਖ-ਸੁੱਖ 'ਚ ਖੜ੍ਹਦੇ ਹਨ। ਦੂਜੀਆਂ ਭਾਸ਼ਾਵਾਂ ਵਿਚ ਮੇਰੀਆਂ ਕਹਾਣੀਆਂ ਗਈਆਂ ਹਨ, ਵਿਚਾਰ ਗਏ ਹਨ, ਲਿਖਣਾ ਬਹੁਤ ਔਖਾ ਕਾਰਜ ਹੈ, ਬਹੁਤ ਸਾਧਨਾਂ ਦੀ ਲੋੜ ਹੁੰਦੀ ਹੈ। ਅਸੀਂ ਨੌਕਰੀ ਵੀ ਤਨਦੇਹੀ ਨਾਲ ਕਰਦੇ ਹਾਂ। ਪਰਿਵਾਰ ਵੀ ਪਾਲਦੇ ਹਾਂ। ਸਮਾਜਿਕ ਜ਼ਿੰਮੇਵਾਰੀਆਂ ਵੀ ਨਿਭਾਉਂਦੇ ਹਾਂ। ਇਨ੍ਹਾਂ ਹਾਲਾਤ 'ਚ ਜਦੋਂ ਆਮ ਬੰਦਾ ਰਾਤ ਨੂੰ ਸੌਂ ਰਿਹਾ ਹੁੰਦਾ ਹੈ ਤਾਂ ਲੇਖਕ

ਜਾਗ ਕੇ ਪੜ੍ਹਦਾ ਹੈ ਜਾਂ ਲਿਖਦਾ ਹੈ। ਨਾ ਸੌਣ ਕਾਰਨ ਜਾਂ ਜ਼ਿਆਦਾ ਬੈਠਨ ਨਾਲ ਸਿਹਤ ਨੂੰ ਨੁਕਸਾਨ ਹੋਏ ਹਨ।

• ਮੌਜੂਦਾ ਸਥਿਤੀਆਂ ਵਿਚ ਜੋ ਪੰਜਾਬੀ ਦੀ ਸਾਹਿਤ ਸਿਰਜਣਾ ਹੋ ਰਹੀ ਹੈ। ਉਸ 'ਤੇ ਟਿੱਪਣੀ ਕਰੋ?

ਸਮਾਂ ਅੱਜ ਦਾ ਹੋਵੇ ਜਾਂ ਪੁਰਾਣਾ ਹੋਵੇ ਜਾਂ ਆਉਣ ਵਾਲਾ ਹੋਵੇ, ਸਭ ਸਮਿਆਂ 'ਚ ਸਾਹਿਤ ਸਿਰਜਣਾ ਹੁੰਦੀ ਰਹਿੰਦੀ ਹੈ। ਹਰ ਸਮੇਂ ਚੰਗਾ ਸਾਹਿਤ ਵੀ ਰਚਿਆ ਜਾਂਦਾ ਹੈ ਤੇ ਮਾੜਾ ਵੀ। ਉਸਾਰੂ ਗੱਲਾਂ ਵੀ ਹੁੰਦੀਆਂ ਹਨ ਤੇ ਢਾਹੂ ਵੀ। ਅੱਜ ਵਿਸ਼ਵੀਕਰਨ ਦੇ ਦੌਰ 'ਚ ਬੜਾ ਕੁਝ ਢਹਿ-ਢੇਰੀ ਹੋ ਗਿਆ ਹੈ ਤੇ ਬੜਾ ਕੁਝ ਨਵਾਂ ਆ ਗਿਆ ਹੈ। ਇਹ ਸਾਰਾ ਕੁਝ ਪੰਜਾਬੀ ਸਾਹਿਤ ਵਿਚ ਵੀ ਆ ਗਿਆ ਹੈ। ਅੱਜ ਦਾ ਪੰਜਾਬੀ ਸਾਹਿਤ ਸੁਹਜ-ਸਵਾਦ ਵੀ ਦੇ ਰਿਹਾ ਹੈ ਤੇ ਮੂੰਹ ਕੌੜਾ ਵੀ ਕਰ ਰਿਹਾ ਹੈ। ਲੋਕਾਂ ਨੂੰ ਚੇਤਨ ਕਰਨ ਵਾਲਾ ਵੀ ਸਾਹਿਤ ਮਿਲ ਰਿਹਾ ਹੈ ਤੇ ਸੋਚ ਨੂੰ ਖੁੰਢਾ ਕਰਨ ਵਾਲਾ ਵੀ। ਅੱਜ ਦਾ ਦੌਰ ਬੜਾ ਗੁੰਝਲਦਾਰ ਹੈ। ਮਨੁੱਖ ਨੂੰ ਸਮਝਣਾ ਮੁਸ਼ਕਲ ਹੈ ਪਰ ਸਾਹਿਤ ਆਪਣੀ ਡਿਊਟੀ ਨਿਭਾ ਰਿਹਾ ਹੈ। ਸਿਰਫ਼ ਪਾਠਕ ਲਈ ਚੋਣ ਕਰਨਾ ਹੀ ਕਠਿਨ ਕੰਮ ਹੈ।

• ਤੁਹਾਡੀਆਂ ਕਹਾਣੀਆਂ ਤੇ ਲੇਖ ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਹਨ। ਕਹਾਣੀਆਂ 'ਤੇ ਐਮ.ਫਿਲ ਤੇ ਪੀ.ਐਚ. ਡੀ ਦਾ ਖੋਜ ਕਾਰਜ ਵੀ ਹੋਇਆ ਹੋਵੇਗਾ? ਬਹੁਤ ਸਾਰੇ ਲੇਖਕ ਇਸ ਤੋਂ ਵਿਰਵੇ ਹਨ। ਇਸ ਸਾਰੇ ਸਿਸਟਮ ਨੂੰ ਖੋਲ ਕੇ ਦੱਸੋ?

ਪੰਜਾਬੀ ਦੀਆਂ ਯੂਨੀਵਰਸਿਟੀਆਂ ਦੇ ਪ੍ਰਬੰਧਕ ਅਧਿਕਾਰੀ ਪੁਰਾਣੇ ਸਿਲੇਬਸ ਨੂੰ ਬਦਲਣਾ ਹੀ ਨਹੀ ਚਾਹੁੰਦੇ। ਕਿਉਂਕਿ ਅਧਿਆਪਕਾਂ ਨੂੰ ਪੜ੍ਹਾਉਣ ਦੀ ਸੌਖ ਰਹਿੰਦੀ ਹੈ। ਯੂਨੀਵਰਸਿਟੀਆਂ ਨਵੇਂ ਸਾਹਿਤ ਜਾਂ ਮੌਜੂਦਾ ਸਾਹਿਤ ਨਾਲ ਜੁੜੀਆਂ ਨਹੀ ਹਨ। ਪੀ.ਐਚ.ਡੀ ਕਰਵਾਉਣ ਦੀਆਂ ਸ਼ਰਤਾਂ ਅਜਿਹੀਆਂ ਹਨ ਕਿ ਸਾਡੀ ਪੀੜ੍ਹੀ ਵਾਲੇ ਨਵੇਂ ਲੇਖਕਾਂ 'ਤੇ ਕੰਮ ਨਹੀ ਹੋ ਸਕਦਾ। ਥੋੜ੍ਹਾ ਜਿਹਾ ਕੰਮ ਚਾਰ-ਚਾਰ, ਪੰਜ-ਪੰਜ ਕਹਾਣੀਕਾਰਾਂ 'ਤੇ ਹੋ ਰਿਹਾ ਹੈ। ਕੋਈ ਬੱਝਵਾਂ ਕੰਮ ਨਹੀ ਹੋ ਰਿਹਾ। ਬਾਕੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤਿੰਨ ਜਮਾਤਾਂ ਤੇ ਦਿੱਲੀ ਯੂਨੀਵਰਸਿਟੀ ਦੀ ਇਕ ਜਮਾਤ ਦੇ ਸਿਲੇਬਸ ਵਿਚ ਮੈਂ ਲੱਗਾ ਹੋਇਆ ਹਾਂ। ਯੂਨੀਵਰਸਿਟੀਆਂ ਦਾ ਸਿਲੇਬਸ ਚੋਣ ਸਬੰਧੀ ਕੀ ਸਿਸਟਮ ਹੈ, ਮੈਨੂੰ ਪਤਾ ਨਹੀ ਹੈ।

• ਮਿਲੇ ਮਾਣ-ਸਨਮਾਨਾਂ ਦੀ ਗੱਲ ਕਰਦੇ ਹੋਏ ਸਨਮਾਨਾਂ ਦੀ ਸਿਆਸਤ ਬਾਰੇ ਦੱਸੋ?

ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਨਚੀਕੇਤਾ ਦੀ ਮੌਤ' ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦਾ 'ਭਾਈ ਵੀਰ ਸਿੰਘ ਗਲਪ ਪੁਰਸਕਾਰ' ਜਿੱਤਿਆ ਸੀ। ਭਾਰਤੀ ਭਾਸ਼ਾ ਪ੍ਰੀਸ਼ਦ ਕਲਕੱਤਾ ਦਾ ਯੁਵਾ ਪੁਰਸਕਾਰ 'ਤੋਂ ਇਲਾਵਾ ਗੁਰਦਾਸਪੁਰ, ਬਟਾਲਾ, ਬੰਗਾ, ਜਗਤਪੁਰ, ਹਾਸਪੁਰ, ਜਗਰਾਓਂ ਤੇ ਕੈਲੇਫੋਨੀਆਂ ਦੀਆਂ ਸਾਹਿਤ ਸਭਾਵਾਂ ਨੇ ਮਾਣ ਸਨਮਾਨ ਕੀਤੇ ਹਨ? ਸਨਮਾਨ ਕਿਵੇਂ ਮਿਲਦੇ ਹਨ? ਇਨ੍ਹਾਂ ਦੀ ਕੀ ਸਿਆਸਤ ਹੈ? ਇਦ੍ਹੇ ਬਾਰੇ ਮੈਨੂੰ ਨਾ ਗਿਆਨ ਹੈ ਤੇ ਨਾ ਤਜ਼ਰਬਾ, ਕਿਉਂਕਿ ਅਜੇ ਪੁਰਸਕਾਰ ਲੈਣ ਦੀ ਮੇਰੀ ਵਾਰੀ ਨਹੀ ਆਈ। ਉਂਜ ਮੈਂ ਪੁਰਸਕਾਰ ਲੈਣ ਦੇ ਵਿਰੁੱਧ ਨਹੀ ਹਾਂ। ਇਹ ਕਿਸੇ ਪਾਰਦਰਸ਼ਤਾ ਨਾਲ ਮਿਲਣੇ ਚਾਹੀਦੇ ਹਨ।

• ਚੌਥੀ ਪੀੜ੍ਹੀ ਦੇ ਬਹੁਤੇ ਕਹਾਣੀਕਾਰ ਪੰਜਾਬੀ ਆਲੋਚਕਾ ਤੋਂ ਬੜੇ ਨਿਰਾਸ਼ ਹਨ। ਇਦ੍ਹਾ ਕੀ ਕਾਰਨ ਹੈ? ਤੁਸੀਂ ਵੀ ਇਸ 'ਚ ਸ਼ਾਮਲ ਹੋ?

ਮੇਰੇ ਸਮੇਤ ਬਹੁਤੇ ਕਹਾਣੀਕਾਰ ਸੰਤੁਸ਼ਟ ਨਹੀ ਹਨ। ਚੌਥੀ ਪੀੜ੍ਹੀ ਦੇ ਕਹਾਣੀਕਾਰਾਂ ਦੀ ਗਿਣਤੀ ਜ਼ਿਆਦਾ ਹੈ। ਪਿਛਲੇ 15-20 ਸਾਲਾਂ 'ਚ ਬੜੀਆਂ ਖ਼ੂਬਸੂਰਤ ਤੇ ਡੂੰਘਾਈ ਵਾਲੀਆਂ ਕਹਾਣੀਆਂ ਲਿਖੀਆਂ ਗਈਆਂ ਹਨ। ਪਰ ਪੰਜਾਬੀ ਕਹਾਣੀ ਆਲੋਚਕਾਂ ਦੀ ਗਿਣਤੀ ਬਹੁਤ ਘੱਟ ਹੈ। ਦੋ-ਚਾਰ ਤੋਂ ਵੱਧ ਨਾਂ ਸਾਹਮਣੇ ਨਹੀ ਆਉਂਦੇ। ਉਨ੍ਹਾਂ ਕੋਲ ਕੰਮ ਦਾ ਬੋਝ ਹੈ। ਜਿੰਨੀ ਗਿਣਤੀ ਵਿਚ ਕਹਾਣੀਆਂ ਸਾਹਮਣੇ ਆਈਆਂ ਹਨ, ਉਨੀ ਹੀ ਗਿਣਤੀ ਤੇ ਡੂੰਘਾਈ ਵਿਚ ਕੰਮ ਨਹੀ ਹੋਇਆ। ਇਸ ਤੋਂ ਇਲਾਵਾ ਨਾ ਯੂਨੀਵਰਸਿਟੀਆਂ ਤੇ ਨਾ ਸਾਹਿਤ ਸਭਾਵਾਂ ਤੇ ਅਕੈਡਮੀਆਂ ਕਹਾਣੀ 'ਤੇ ਕੰਮ ਕਰਵਾ ਰਹੀਆਂ ਹਨ। ਜਿਹੜੇ ਸਾਹਿਤਕ ਮੈਗਜ਼ੀਨ ਹਨ, ਉਨ੍ਹਾਂ ਵਿਚ ਥਾਂ ਦੀ ਘਾਟ ਹੋ ਜਾਂਦੀ ਹੈ। ਉਹ ਆਪਣੀ ਮਰਜ਼ੀ ਦੇ ਮਾਲਕ ਹਨ। ਪੰਜਾਬ ਸਰਕਾਰ ਦਾ ਲੇਖਕਾਂ ਪ੍ਰਤੀ ਵਤੀਰਾ ਨਾਂਹ-ਪੱਖੀ ਹੈ।

• ਭਵਿੱਖ ਦੇ ਕੀ ਸੁਪਨੇ ਹਨ?

ਮੈਂ ਬਹੁਤ ਹੌਲੀ ਲਿਖਣ ਵਾਲਾ ਲੇਖਕ ਹਾਂ। ਮੈਂ ਸਾਲ ਡੇਢ ਸਾਲ 'ਚ ਕਹਾਣੀ ਲਿਖਦਾ ਹਾਂ। ਮੇਰਾ 'ਖੂਹ ਗਿੜਦਾ ਹੈ' ਕਹਾਣੀ ਸੰਗ੍ਰਹਿ 2004 'ਚ ਆਇਆ ਸੀ। ਫੇਰ 'ਖ਼ੁਸ਼ਕ ਅੱਖ ਦਾ ਖ਼ਾਬ' 2013 'ਚ ਛਪਿਆ ਹੈ। ਅਗਲਾ ਕਹਾਣੀ ਸੰਗ੍ਰਹਿ ਡਾ. ਰਮਿੰਦਰ ਕੌਰ (ਪ੍ਰੋਫੈਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਨੇ ਮੇਰੇ ਤਿੰਨਾਂ ਕਹਾਣੀ ਸੰਗ੍ਰਹਿ ਦੀਆਂ ਕੁਲ ਕਹਾਣੀਆਂ ਨੂੰ 'ਸ਼ਾਇਦ ਰੰਮੀ ਮੰਨ ਜਾਏ ਤੇ ਹੋਰ ਕਹਾਣੀਆਂ' ਦੇ ਟਾਈਟਲ ਹੇਠ ਸੰਪਾਦਤ ਕੀਤਾ ਹੈ। •

ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਜੇਤੂ

ਡਾ. ਅਮਰਜੀਤ ਕੌਂਕੇ

• ਜਸਵਿੰਦਰ ਦੂਹੜਾ

ਸਾਲ 2016 ਲਈ ਸਾਹਿਤ ਅਕਾਦਮੀ ਅਨੁਵਾਦ ਪੁਰਸਕਾਰ ਪੰਜਾਬੀ ਦੇ ਪ੍ਰਸਿੱਧ ਸ਼ਾਇਰ, ਅਨੁਵਾਦਕ ਤੇ

ਕਿਵੇਂ ਵਰਤੀਏ ਪੇਟੀਐੱਮ?

ਪੇਟੀਐੱਮ ਤੋਂ ਇਲਾਵਾ ਜਿਹੜੇ ਮੋਬਾਈਲ ਵੈਲੇਟ ਅੱਜ ਕੱਲ੍ਹ ਵਧੇਰੇ ਮਕਬੂਲ ਹਨ, ਉਨ੍ਹਾਂ 'ਚ ਮੋਬੀਕਵਿਕ, ਫਰੀਚਾਰਜ, ਆਕਸੀਜਨ, ਸਿਟਰਸ ਪੇਅ, ਐੱਮ ਰੁਪਿਆ ਪ੍ਰਮੁੱਖ ਹਨ...

ਪਹਿਲਾਂ ਪੇਟੀਐੱਮ ਦੀ ਵਰਤੋਂ ਮੋਬਾਈਲ ਰੀਚਾਰਜ, ਡਿਸ਼ ਰੀਚਾਰਜ ਜਾਂ ਆਨਲਾਈਨ ਖ਼ਰੀਦਦਾਰੀ ਲਈ ਹੁੰਦੀ ਸੀ ਪਰ ਅੱਜ-ਕੱਲ੍ਹ ਇਸ ਦੀ ਵਰਤੋਂ 'ਚ ਨਵੇਂ ਰਸਤੇ ਖੁੱਲ੍ਹ ਚੁੱਕੇ ਹਨ...

ਪੇਟੀਐੱਮ ਇਕ ਕਿਸਮ ਦਾ ਮੋਬਾਈਲ ਵੈਲੇਟ ਜਾਂ ਬਟੂਆ ਹੈ, ਜਿਸ 'ਚ ਤੁਸੀਂ ਆਪਣੀ ਹਜ਼ਾਰਾਂ ਦੀ ਰਕਮ ਲਈ ਇਲੈਕਟ੍ਰਾਨਿਕ ਖਾਤਾ ਬਣਾ ਕੇ ਰੱਖ ਸਕਦੇ ਹੋ। ਪੇਟੀਐੱਮ ਖਾਤੇ ਨੂੰ ਬਹੁਤ ਸਾਰੇ ਨਕਦੀ-ਰਹਿਤ ਲੈਣ-ਦੇਣ ਲਈ ਵਰਤਿਆ ਜਾ ਸਕਦਾ ਹੈ। ਪਹਿਲਾਂ ਇਸ ਦੀ ਵਰਤੋਂ ਆਮ ਤੌਰ 'ਤੇ ਮੋਬਾਈਲ ਰੀਚਾਰਜ, ਡਿਸ਼ ਰੀਚਾਰਜ ਜਾਂ ਆਨਲਾਈਨ ਖ਼ਰੀਦਦਾਰੀ ਲਈ ਹੀ ਹੁੰਦੀ ਸੀ ਪਰ ਅੱਜ-ਕੱਲ੍ਹ ਇਸ ਦੀ ਵਰਤੋਂ ਦੇ ਕਈ ਨਵੇਂ ਰਸਤੇ ਖੁੱਲ੍ਹ ਚੁੱਕੇ ਹਨ। ਇਸ ਨਾਲ ਵੱਡੇ ਸ਼ਹਿਰਾਂ 'ਚ ਬਿਜਲੀ-ਪਾਣੀ ਦੇ ਬਿੱਲ, ਬੀਮੇ ਦੀ ਕਿਸ਼ਤ, ਬੱਸ, ਰੇਲ ਤੇ ਜਹਾਜ਼ ਟਿਕਟ ਬੁਕਿੰਗ ਤੇ ਹਰ ਤਰ੍ਹਾਂ ਦੀ ਆਨਲਾਈਨ ਖ਼ਰੀਦਦਾਰੀ ਕੀਤੀ ਜਾ ਸਕਦੀ ਹੈ। ਪੰਜਾਹ ਰੁਪਏ ਤੋਂ ਲੈ ਕੇ ਹਜ਼ਾਰਾਂ ਰੁਪਏ ਦੀ ਖ਼ਰੀਦਦਾਰੀ ਇਸ ਰਾਹੀਂ ਕੀਤੀ ਜਾ ਸਕਦੀ ਹੈ..

ਅੱਜ-ਕੱਲ੍ਹ ਹਰ ਟੀਵੀ ਚੈਨਲ ਉੱਤੇ ਪੇਟੀਐੱਮ ਦੀ ਮਸ਼ਹੂਰੀ ਆ ਰਹੀ ਹੈ। ਜਿਸ ਵਿਚ ਕਿਹਾ ਜਾਂਦਾ ਹੈ ਕਿ ਪੇਟੀਐੱਮ ਕਰੋ ਅਤੇ ਜ਼ਿੰਦਗੀ ਜਿਉਣ ਦਾ ਨਵਾਂ ਤਰੀਕਾ ਸ਼ੁਰੂ ਕਰੋ। ਉਸ ਮਸ਼ਹੂਰੀ 'ਚ ਇਕ ਬੱਚਾ ਜਦੋਂ ਆਪਣੀ ਭੂਆ ਨੂੰ ਮਿਲਣ ਜਾਂਦਾ ਹੈ ਤਾਂ ਉਸ ਦੀ ਮਾਂ ਸਮਝਾ ਕੇ ਤੋਰਦੀ ਹੈ ਕਿ ਵਾਪਸ ਮੁੜਨ ਲੱਗੇ ਭੂਆ ਪੈਸੇ ਦੇਵੇ ਤਾਂ ਝੱਟ ਹੀ ਫੜ ਨਾ ਲਵੀਂ ਪਰ ਭੂਆ ਅੱਗੋਂ ਨਵੇਂ ਜ਼ਮਾਨੇ ਦੀ 'ਪੇਟੀਐੱਮ ਖਾਤਾਧਾਰਕ' ਹੁੰਦੀ ਹੈ। ਉਹ ਆਪਣੇ ਭਤੀਜੇ ਨੂੰ ਨਕਦ ਸ਼ਗਨ ਨਹੀਂ ਦਿੰਦੀ ਸਗੋਂ ਉਸ ਦੇ ਪੇਟੀਐੱਮ ਖਾਤੇ 'ਚ 501 ਰੁਪਏ ਭੇਜ ਦਿੰਦੀ ਹੈ। ਭੂਆ ਦੇ ਘਰ ਦੀਆਂ ਪੌੜੀਆਂ ਉਤਰਦੇ ਹੀ ਭਤੀਜੇ ਨੂੰ ਇਸ ਦਾ ਮੋਬਾਈਲ ਉੱਤੇ ਸੰਦੇਸ਼ ਵੀ ਆ ਜਾਂਦਾ ਹੈ ਤੇ ਉਹ ਨਾਲੋਂ-ਨਾਲ ਹੱਥ ਹਿਲਾ ਕੇ ਭੂਆ ਜੀ ਦਾ ਧੰਨਵਾਦ ਕਰਦਾ ਹੈ।

ਇਸ ਖਾਤੇ 'ਚ ਇਲੈਕਟ੍ਰਾਨਿਕ ਢੰਗ ਨਾਲ ਰਕਮ ਪਾਉਣ ਲਈ ਇੰਟਰਨੈੱਟ ਬੈਂਕਿੰਗ ਦੀ ਵਰਤੋਂ ਕੀਤੀ ਜਾ ਸਕਦੀ ਹੈ ਪਰ ਜੇ ਕਿਸੇ ਕੋਲ ਇੰਟਰਨੈੱਟ ਬੈਂਕਿੰਗ ਨਹੀਂ ਹੈ ਤਾਂ ਉਹ ਆਪਣੇ ਏਟੀਐਮ ਕਾਰਡ ਦੀ ਵਰਤੋਂ ਨਾਲ ਇਸ ਵਿਚ ਰਕਮ ਪਾ ਸਕਦਾ ਹੈ। ਇਨ੍ਹਾਂ ਦੋਵਾਂ ਹੀ ਕੰਮਾਂ ਲਈ ਤੁਹਾਡਾ ਫੋਨ ਨੰਬਰ ਤੁਹਾਡੇ ਬੈਂਕ ਵਾਲੇ ਖਾਤੇ ਨਾਲ ਜੁੜਿਆ ਹੋਣਾ ਚਾਹੀਦਾ ਹੈ। ਇਸ ਦਾ ਭਾਵ ਹੈ ਕਿ ਤੁਹਾਨੂੰ ਆਪਣੇ ਬੈਂਕ ਖਾਤੇ 'ਚੋਂ ਪੈਸੇ ਕਢਵਾਉਣ ਅਤੇ ਜਮ੍ਹਾਂ ਹੋਣ ਦੀ ਸੂਚਨਾ ਆਉਂਦੀ ਹੋਵੇ। ਉਸ ਤੋਂ ਬਾਅਦ ਤੁਹਾਡੇ ਕੋਲ ਇਕ ਸਮਾਰਟ ਫੋਨ ਹੋਣਾ ਚਾਹੀਦਾ ਹੈ। ਸਮਾਰਟ ਫੋਨ ਤੋਂ ਭਾਵ ਕੋਈ ਬਹੁਤਾ ਮਹਿੰਗਾ ਫੋਨ ਨਹੀਂ ਬਲਕਿ ਤਿੰਨ ਕੁ ਹਜ਼ਾਰ ਰੁਪਏ ਦੀ ਕੀਮਤ ਵਾਲਾ ਮੋਬਾਈਲ ਹੀ ਕਾਫ਼ੀ ਹੈ, ਜਿਸ 'ਤੇ ਇੰਟਰਨੈੱਟ ਚਲਦਾ ਹੋਵੇ।

ਪਹਿਲਾਂ ਤੁਸੀਂ ਸਮਾਰਟ ਫੋਨ ਦੇ ਪਲੇਅ ਸਟੋਰ 'ਤੇ ਜਾ ਕੇ ਪੇਟੀਐੱਮ ਦੀ ਐਪਲੀਕੇਸ਼ਨ ਡਾਊਨਲੋਡ ਕਰੋਗੇ। ਉਸ ਐਪਲੀਕੇਸ਼ਨ 'ਚ ਆਪਣੇ ਨਾਂ ਤੇ ਫੋਨ ਨੰਬਰ ਭਰ ਕੇ ਰਜਿਸਟਰ ਹੋਣ ਨਾਲ ਤੁਸੀਂ ਇਕ ਪੇਟੀਐੱਮ ਖਾਤੇ ਦੇ ਮਾਲਕ ਬਣ ਜਾਓਗੇ। ਇਸ ਖਾਤੇ ਨੂੰ ਖੋਲ੍ਹਣ ਲਈ ਆਪਣਾ ਇਕ ਗੁਪਤ ਕੋਡ (ਪਾਸਵਰਡ) ਬਣਾ ਲਓ ਤਾਂ ਕਿ ਤੁਹਾਡੇ ਤੋਂ ਬਿਨਾ ਕੋਈ ਹੋਰ ਉਸ ਨੂੰ ਚਲਾ ਨਾ ਸਕੇ। ਫਿਰ ਪੇਟੀਐੱਮ ਖਾਤੇ 'ਚ ਪੈਸੇ ਪਾਉਣ ਲਈ ਤੁਸੀਂ ਉਸ ਦੇ ਜਮ੍ਹਾਂ ਵਾਲੇ ਵਿਕਲਪ 'ਐਡ ਮਨੀ' 'ਤੇ ਜਾਓਗੇ।

ਉੱਥੇ ਜਾ ਕੇ ਤੁਸੀਂ ਆਪਣੀ ਲੋੜੀਂਦੀ ਰਕਮ ਉਸ ਵਿਚ ਲਿਖ ਕੇ ਫਿਰ ਇੰਟਰਨੈੱਟ ਬੈਂਕਿੰਗ ਜਾਂ ਡੈਬਿਟ ਕਾਰਡ ਦੀ ਚੋਣ ਕਰੋਗੇ। ਡੈਬਿਟ ਕਾਰਡ ਤੁਹਾਡੇ ਏਟੀਐੱਮ ਕਾਰਡ ਨੂੰ ਹੀ ਕਹਿੰਦੇ ਹਨ। ਜੇ ਤੁਸੀਂ ਡੈਬਿਟ ਕਾਰਡ ਦੀ ਚੋਣ ਕਰਦੇ ਹੋ ਤਾਂ ਉਹ ਤੁਹਾਡੇ ਤੋਂ ਡੈਬਿਟ ਕਾਰਡ ਦੇ 16 ਅੰਕਾਂ ਵਾਲੇ ਨੰਬਰ ਦੀ ਮੰਗ ਕਰੇਗਾ। ਤੁਸੀਂ ਉਸ ਕਾਰਡ ਦੇ ਖ਼ਤਮ ਹੋਣ ਦੀ ਤਰੀਕ ਵੀ ਭਰੋਗੇ। ਫਿਰ ਉਹ ਤੁਹਾਡੇ ਤੋਂ ਕਾਰਡ ਦੇ ਪਿਛਲੇ ਪਾਸੇ ਲਿਖਿਆ ਤਿੰਨ ਅੰਕਾਂ ਦਾ ਸੀਵੀਵੀ ਨੰਬਰ ਮੰਗੇਗਾ ਜਾਂ ਏਟੀਐੱਮ ਕਾਰਡ ਦਾ ਪਿੰਨ ਕੋਡ ਵੀ ਮੰਗ ਸਕਦਾ ਹੈ। ਉਸ ਤੋਂ ਬਾਅਦ ਤੁਹਾਡੇ ਰਜਿਸਟਰਡ ਫੋਨ ਉੱਤੇ ਇਕ ਓਟੀਪੀ ਕੋਡ ਆਵੇਗਾ ਜਿਸ ਨੂੰ ਤੁਸੀਂ ਉੱਥੇ ਭਰੋਗੇ। ਓਟੀਪੀ ਕੋਡ ਦਾ ਅਰਥ ਹੈ ਇਕ ਵਾਰੀ ਦਾ ਕੋਡ (ਵਨ ਟਾਈਮ ਪਾਸਵਰਡ) ਜੋ ਕਿ ਇਕ ਵਾਰ ਭਰਨ ਤੋਂ ਬਾਅਦ ਆਪਣੇ-ਆਪ ਰੱਦ ਹੋ ਜਾਂਦਾ ਹੈ। ਇਹ ਕੋਡ ਭਰਨ ਤੋਂ ਬਾਅਦ ਤੁਸੀਂ ਅਖ਼ੀਰ ਵਿਚ ਓਕੇ ਬਟਨ ਦਬਾਓਗੇ।

ਇਸ ਨਾਲ ਤੁਹਾਡੀ ਲੋੜੀਂਦੀ ਰਕਮ ਤੁਹਾਡੇ ਬੈਂਕ ਵਾਲੇ ਖਾਤੇ 'ਚੋਂ ਨਿਕਲ ਕੇ ਤੁਹਾਡੇ ਪੇਟੀਐੱਮ ਖਾਤੇ 'ਚ ਜਮ੍ਹਾਂ ਹੋ ਜਾਵੇਗੀ। ਆਸਾਨ ਸ਼ਬਦਾਂ 'ਚ ਇਸ ਨਾਲ ਤੁਹਾਡਾ ਮੋਬਾਈਲ ਵੈਲੇਟ ਭਰ ਜਾਵੇਗਾ। ਹੁਣ ਤੁਸੀਂ ਉਸ ਬਟੂਏ 'ਚੋਂ ਲੋੜ ਮੁਤਾਬਕ ਆਪਣਾ ਖ਼ਰਚ ਕਰ ਸਕਦੇ ਹੋ।

ਛੋਟੇ ਸ਼ਹਿਰਾਂ ਜਾਂ ਪਿੰਡਾਂ 'ਚ ਵੀ ਤੁਸੀਂ ਕੋਈ ਵੀ ਚੀਜ਼ ਪੇਟੀਐੱਮ ਰਾਹੀਂ ਖ਼ਰੀਦ ਸਕਦੇ ਹੋ। ਜੇ ਉਸ ਚੀਜ਼ ਦਾ ਵਿਕਰੇਤਾ ਵੀ ਆਪਣਾ ਪੇਟੀਐੱਮ ਖਾਤਾ ਚਲਾਉਂਦਾ ਹੋਵੇ ਤਾਂ ਫਿਰ ਕੰਮ ਬਹੁਤ ਹੀ ਸੌਖਾ ਹੋ ਜਾਂਦਾ ਹੈ। ਉਸ ਨੂੰ ਬਣਦੀ ਰਕਮ ਦੇਣ ਲਈ ਤੁਸੀਂ ਆਪਣੇ ਪੀਟੀਐੱਮ ਖਾਤੇ ਦੇ ਭੁਗਤਾਨ ਵਿਕਲਪ ਵਿਚ ਜਾਣਾ ਹੈ ਅਤੇ ਉਸ ਆਦਮੀ ਦਾ ਫੋਨ ਨੰਬਰ ਉਸ 'ਚ ਭਰਨਾ ਹੈ। ਫਿਰ ਬਣਦੀ ਰਕਮ ਭਰ ਕੇ ਓਕੇ ਦਾ ਬਟਨ ਦਬਾ ਦੇਣਾ ਹੈ। ਸਕਿੰਟਾਂ 'ਚ ਹੀ ਤੁਹਾਨੂੰ ਦੋਵਾਂ ਨੂੰ ਆਪੋ-ਆਪਣੇ ਮੋਬਾਈਲ 'ਤੇ ਸੁਨੇਹਾ ਮਿਲ ਜਾਵੇਗਾ ਕਿ ਤੁਹਾਡੇ ਪੇਟੀਐੱਮ ਖਾਤੇ 'ਚੋਂ ਬਣਦੀ ਰਕਮ ਨਿਕਲ ਕੇ ਉਸ ਦੇ ਖਾਤੇ 'ਚ ਜਾ ਢੁੱਕੀ ਹੈ। ਫੋਨ ਨੰਬਰ ਭਰ ਕੇ ਅਦਾਇਗੀ ਕਰਨ ਤੋਂ ਇਲਾਵਾ ਹੋਰ ਵੀ ਕਈ ਢੰਗ ਹਨ ਜਿਹੜੇ ਕਿ ਆਰਾਮ ਨਾਲ ਸਿੱਖੇ ਜਾ ਸਕਦੇ ਹਨ। ਇਨ੍ਹਾਂ 'ਚੋਂ ਇਕ ਮਸ਼ਹੂਰ ਢੰਗ ਹੈ ਕਿਊਆਰਕੋਡ ਨੂੰ ਸਕੈਨ ਕਰਕੇ ਰਕਮ ਭੇਜਣਾ।

ਜੇ ਉਸ ਵਿਕਰੇਤਾ ਕੋਲ ਪੇਟੀਐੱਮ ਖਾਤਾ ਨਾ ਹੋ ਹੋਵੇ ਤਾਂ ਉਹੀ ਰਕਮ ਉਸ ਦੇ ਬੈਂਕ ਦੇ ਖਾਤੇ 'ਚ ਵੀ ਪੇਟੀਐੱਮ ਰਾਹੀਂ ਭੇਜੀ ਜਾ ਸਕਦੀ ਹੈ। ਇਸ ਲਈ ਪਾਸਬੁੱਕ ਦੇ ਵਿਕਲਪ ਦੀ ਚੋਣ ਕਰ ਕੇ ਉਸ ਦਾ ਨਾਂ, ਬੈਂਕ ਖਾਤੇ ਦਾ ਨੰਬਰ ਤੇ ਬੈਂਕ ਦਾ ਆਈਐੱਫਐੱਸਸੀ ਕੋਡ ਭਰ ਕੇ ਬਣਦੀ ਰਕਮ ਸਿੱਧੇ ਹੀ ਉਸ ਦੇ ਬੈਂਕ ਖਾਤੇ 'ਚ ਭੇਜੀ ਜਾ ਸਕਦੀ ਹੈ। ਇਸ ਤਰ੍ਹਾਂ ਨਾ ਤਾਂ ਖ਼ਰੀਦਦਾਰ ਨੂੰ ਬੈਂਕ 'ਚੋਂ ਪੈਸੇ ਕਢਵਾਉਣ ਦੀ ਲੋੜ ਹੈ ਤੇ ਨਾ ਹੀ ਵਿਕਰੇਤਾ ਨੂੰ ਪੈਸੇ ਸਾਂਭਣ ਦਾ ਝੰਜਟ। ਬੱਸ ਦੋ-ਤਿੰਨ ਬਟਨ ਦਬਾਉਣ ਨਾਲ ਹੀ ਲੋੜੀਂਦੀ ਰਕਮ ਇਕ ਖਾਤੇ ਤੋਂ ਦੂਜੇ ਖਾਤੇ 'ਚ ਪਹੁੰਚ ਜਾਵੇਗੀ। ਇਸ ਲਈ ਹੀ ਇਸ ਨੂੰ ਨਕਦ-ਰਹਿਤ ਖ਼ਰੀਦਦਾਰੀ ਕਹਿੰਦੇ ਹਨ ਕਿਉਂਕਿ ਬਿਨਾ ਕਿਸੇ ਨੋਟ ਦੀ ਵਰਤੋਂ ਕੀਤੇ ਹੀ ਹਰ ਤਰ੍ਹਾਂ ਦਾ ਲੈਣ-ਦੇਣ ਹੋ ਜਾਂਦਾ ਹੈ ਪਰ ਇਹ ਜ਼ਰੂਰ ਧਿਆਨ ਰੱਖ ਲੈਣਾ ਚਾਹੀਦਾ ਹੈ ਕਿ ਪੇਟੀਐੱਮ ਵਰਗੇ ਪ੍ਰਾਈਵੇਟ ਅਦਾਰੇ ਇਨ੍ਹਾਂ ਕੰਮਾਂ ਲਈ ਤੁਹਾਡੇ ਤੋਂ ਕੁਝ ਫ਼ੀਸ ਵਸੂਲਦੇ ਹਨ। ਰੀਚਾਰਜ ਆਦਿ ਲਈ ਤਾਂ ਕਿਸੇ ਕਿਸਮ ਦੀ ਕੋਈ ਫ਼ੀਸ ਨਹੀਂ ਹੈ ਪਰ ਬੈਂਕ ਵਿਚ ਪੈਸੇ ਭੇਜਣ ਲਈ ਇਹ ਵਸੂਲੀ ਜਾਂਦੀ ਹੈ। ਇਸ ਲਈ ਉਨ੍ਹਾਂ ਬਟੂਇਆਂ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ ਜਿਹੜੇ ਘੱਟ ਫੀਸ ਵਸੂਲਦੇ ਹੋਣ।

ਪੇਟੀਐੱਮ ਤੋਂ ਇਲਾਵਾ ਜਿਹੜੇ ਮੋਬਾਈਲ ਬਟੂਏ ਅੱਜ-ਕੱਲ੍ਹ ਵੱਧ ਮਕਬੂਲ ਹਨ, ਉਨ੍ਹਾਂ 'ਚ ਮੋਬੀਕਵਿਕ, ਫਰੀਚਾਰਜ, ਆਕਸੀਜਨ, ਸਿਟਰਸ ਪੇਅ, ਐੱਮ ਰੁਪਿਆ ਆਦਿ ਮੁੱਖ ਹਨ। ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਬੈਂਕਾਂ ਨੇ ਵੀ ਆਪੋ-ਆਪਣੇ ਮੋਬਾਈਲ ਬਟੂਏ ਕੈਸ਼ਲੈੱਸ ਦੇ ਇੰਟਰਨੈੱਟ ਬਾਜ਼ਾਰ 'ਚ ਉਤਾਰ ਦਿੱਤੇ ਹਨ। ਇਨ੍ਹਾਂ 'ਚ ਭਾਰਤੀ ਸਟੇਟ ਬੈਂਕ ਦਾ ਸਟੇਟ ਬੈਂਕ ਬਡੀ, ਐੱਚਡੀਐੱਫਸੀ ਬੈਂਕ ਦਾ ਪੇਜ਼ੈਪ, ਐਕਸਿਸ ਬੈਂਕ ਦਾ ਐਕਸਿਸ ਪੇਅ, ਆਈਸੀਆਈਸੀਆਈ ਬੈਂਕ ਦੇ ਪਾਕਿਟਸ ਤੇ ਈਜ਼ੀ ਪੇਅ ਆਦਿ ਜ਼ਿਕਰਯੋਗ ਹਨ। ਹਰ ਰੋਜ਼ ਹੋਰ ਵੀ ਨਵੇਂ ਤੋਂ ਨਵੇਂ ਮੋਬਾਈਲ ਬਟੂਏ ਲਾਂਚ ਹੋ ਰਹੇ ਹਨ। ਥੋੜ੍ਹੇ ਬਹੁਤ ਫ਼ਰਕ ਨਾਲ ਸਾਰਿਆਂ ਦੀ ਵਰਤੋਂ ਲਗਪਗ ਇੱਕੋ ਜਿਹੀ ਹੈ। •



ਰੀਅਲ ਅਸਟੇਟ 'ਚ ਐੱਨਆਰਆਈਜ਼ ਦੀ ਵਧੀ ਦਿਲਚਸਪੀ

ਘਰ ਲਈ ਕਰਜ਼ਾ ਦੇਣ ਵਾਲੇ ਕਾਰੋਬਾਰ ਮਾਹਰਾਂ ਦਾ ਕਹਿਣਾ ਹੈ ਕਿ ਮਕਾਨਾਂ ਦੀਆਂ ਸਥਿਰ ਕੀਮਤਾਂ ਅਤੇ ਰੁਪਏ ਦੀ ਸਥਿਤੀ ਉਨ੍ਹਾਂ ਦੇ ਅਨੁਕੂਲ ਹੋਣ ਦੀ ਵਜ੍ਹਾ ਨਾਲ ਐੱਨਆਰਆਈ ਦੀ ਇਸ ਰੁਚੀ ਨੂੰ ਬਣਾਏ ਰੱਖਣ ਲਈ ਕਈ ਨਾਮੀ ਪ੍ਰਾਪਰਟੀ ਡਿਵੈਲਪਰ ਸਪੈਸ਼ਲ ਬਾਜ਼ਾਰ ਕੈਂਪੇਨ ਚਲਾ ਰਹੇ ਹਨ। ਇੰਗਲੈਂਡ ਤੇ ਅਮਰੀਕਾ ਵਰਗੇ ਦੇਸ਼ਾਂ, ਜਿੱਥੇ ਐੱਨਆਰਆਈ ਵੱਡੀ ਗਿਣਤੀ 'ਚ ਰਹਿੰਦੇ ਹਨ, 'ਚ ਇਹ ਸਾਰੀਆਂ ਕੰਪਨੀਆਂ ਸਪੈਸ਼ਲ ਪ੍ਰਾਪਰਟੀ ਫੇਅਰ ਸਮਾਗਮ ਕਰਵਾ ਰਹੀਆਂ ਹਨ। ਇਹ ਕਹਿਣਾ ਗ਼ਲਤ ਨਹੀਂ ਹੋਵੇਗਾ ਕਿ ਅਮਰੀਕੀ ਡਾਲਰ ਦੇ ਮੁਕਾਬਲੇ ਰੁਪਏ ਦੀ ਕਮਜ਼ੋਰੀ ਦੀ ਵਜ੍ਹਾ ਨਾਲ ਰੁਚੀ 'ਚ ਵਾਧਾ ਹੋਇਆ ਹੈ ਅਤੇ ਖ਼ਾਸ ਤੌਰ 'ਤੇ ਅਮਰੀਕਨਾਂ ਦਾ ਮਕਾਨ ਖ਼ਰੀਦਣ 'ਚ ਰੁਝਾਨ ਵੀ ਵਧਿਆ ਹੈ।

ਸ਼ਹਿਰ ਦੇ ਹਿਸਾਬ ਨਾਲ ਹਾਊਸਿੰਗ ਸੇਲ 'ਚ ਐੱਨਆਰਆਈ ਦਾ ਭਾਗ ਵੱਖ-ਵੱਖ ਹੈ। ਕੇਰਲ 'ਚ ਇਹ 30-35 ਫ਼ੀਸਦੀ ਹੈ। ਹੈਦਰਾਬਾਦ ਅਤੇ ਦਿੱਲੀ ਦੇ ਬਾਜ਼ਾਰ 'ਚ ਇਹ ਯੋਗਦਾਨ 10-12 ਫ਼ੀਸਦੀ ਹੈ। ਪਿਛਲੇ ਕੁਝ ਸਾਲਾਂ 'ਚ ਐੱਨਆਰਆਈ ਦਾ ਹਾਊਸਿੰਗ ਕਾਰੋਬਾਰ 'ਚ ਹਿੱਸਾ ਵਧਿਆ ਹੈ। ਪ੍ਰਾਪਰਟੀ ਦੀਆਂ ਕੀਮਤਾਂ ਕੁਝ ਸੂਬਿਆਂ 'ਚ ਤਾਂ ਬੇਹੱਦ ਘੱਟ ਹਨ।

ਐੱਚਡੀਐੱਫਸੀ ਨੇ ਪਿਛਲੇ ਦਿਨੀਂ ਲੰਡਨ 'ਚ 'ਇੰਡੀਆ ਹੋਮ ਫੇਅਰ' ਆਯੋਜਿਤ ਕੀਤਾ ਹੈ। ਇਸ 'ਚ ਪੂਰੇ ਭਾਰਤ ਤੋਂ ਕਰੀਬ 100 ਪ੍ਰਾਜੈਕਟ ਡਿਸਪਲੇ ਕੀਤੇ ਸਨ। ਮਾਹਰਾਂ ਅਨੁਸਾਰ ਮਕਾਨਾਂ ਦੀਆਂ ਕੀਮਤਾਂ ਸਥਿਰ ਹਨ ਜਦਕਿ ਵਿਆਜ ਦਰਾਂ 'ਚ ਨਰਮੀ ਦੀ ਵਜ੍ਹਾ ਨਾਲ ਮਕਾਨ ਖ਼ਰੀਦਣਾ ਜ਼ਿਆਦਾ ਆਸਾਨ ਹੋ ਗਿਆ ਹੈ। •

ਇਨ੍ਹਾਂ ਦਿਨਾਂ 'ਚ ਐੱਨਆਰਆਈ ਰੀਅਲ ਅਸਟੇਟ ਸੈਕਟਰ 'ਚ ਬਹੁਤ ਦਿਲਚਸਪੀ ਦਿਖਾ ਰਹੇ ਹਨ। ਕੁਝ ਐੱਨਆਰਆਈ ਇੰਡੀਅਨ ਰੀਅਲ ਅਸਟੇਟ ਬਾਜ਼ਾਰ 'ਚ ਨਿਵੇਸ਼ ਕਰਨ ਨੂੰ ਬਿਹਤਰ ਮੰਨਦੇ ਹਨ ਜਦਕਿ ਕੁਝ ਅਜਿਹੇ ਹਨ ਜੋ ਪਹਿਲਾਂ ਘਰ ਖ਼ਰੀਦਣ ਨੂੰ ਪਹਿਲ ਦਿੰਦੇ ਹਨ...

ਘਰ ਅਤੇ ਕਾਰੋਬਾਰੀ ਥਾਂ 'ਤੇ ਅਕਸਰ ਨਿਰਮਾਣ ਸਮੇਂ ਕੁਝ ਵਾਸਤੂ ਦੋਸ਼ ਰਹਿ ਜਾਂਦੇ ਹਨ, ਜਿਨ੍ਹਾਂ ਤੋਂ ਪੈਦਾ ਹੋਣ ਵਾਲੀ ਨਕਾਰਾਤਮਿਕ ਊਰਜਾ ਸਾਡੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦੀ ਹੈ। ਜਿਸ ਨਾਲ ਉਤਪਾਦਨ ਅਤੇ ਘਰ ਦਾ ਮਾਹੌਲ ਖ਼ਰਾਬ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਹਨ। ਜਿਨ੍ਹਾਂ ਨੂੰ ਫੈਂਗਸ਼ੂਈ ਨਾਲ ਦੂਰ ਕੀਤਾ ਜਾ ਸਕਦਾ ਹੈ...

ਫੈਂਗਸ਼ੂਈ

ਕ੍ਰਿਸਟਲ ਗੇਂਦਾਂ

ਫੈਂਗਸ਼ੂਈ ਅਨੁਸਾਰ ਘਰ ਅੰਦਰ ਕ੍ਰਿਸਟਲ ਗੇਂਦ ਲਗਾਉਣ ਨਾਲ ਨਕਾਰਾਤਮਿਕ ਊਰਜਾ ਬਾਹਰ ਚਲੀ ਜਾਂਦੀ ਹੈ। ਮੰਨਿਆ ਜਾਂਦਾ ਹੈ ਕਿ ਇਸ ਨਾਲ ਆਰਥਿਕ ਤੰਗੀ ਦੂਰ ਹੁੰਦੀ ਹੈ। ਕ੍ਰਿਸਟਲ ਗੇਂਦ ਨੂੰ ਹਮੇਸ਼ਾ ਘਰ ਦੇ ਲਿਵਿੰਗ ਰੂਮ ਦੇ ਦੱਖਣ-ਪੱਛਮ ਦਿਸ਼ਾ 'ਚ ਲਗਾਉਣੀ ਚਾਹੀਦਾ ਹੈ। ਕ੍ਰਿਸਟਲ ਗੇਂਦ ਨੂੰ ਲਿਵਿੰਗ ਰੂਮ 'ਚ ਲਗਾਇਆ ਜਾਂਦਾ ਹੈ ਕਿਉਂਕਿ ਇਹ ਕਮਰਾ ਤੁਸੀਂ ਆਰਾਮ ਲਈ ਵਰਤੋਂ 'ਚ ਲਿਆਉਂਦੇ ਹੋ। ਇਸ ਨੂੰ ਲਿਵਿੰਗ ਰੂਮ 'ਚ ਲਗਾਉਣ ਨਾਲ ਸਮਾਜ 'ਚ ਮਾਣ-ਤਾਣ ਵਧਦਾ ਹੈ। ਕ੍ਰਿਸਟਲ ਗੇਂਦ ਦਾ ਪੂਰਾ ਲਾਭ ਪ੍ਰਾਪਤ ਕਰਨ ਲਈ ਇਸ ਨੂੰ ਤਿੰਨ ਵਾਰ ਕਲਾਕ-ਵਾਈਜ਼ ਘੁਮਾਓ।

ਕ੍ਰਿਸਟਰ ਗੇਂਦ ਲਗਾਉਣ ਤੋਂ ਪਹਿਲਾ ਇਹ ਜਾਣੋ ਕਿ ਇਸ ਦਾ ਰੰਗ ਕਿਹੋ ਜਿਹਾ ਹੋਣਾ ਚਾਹੀਦਾ ਹੈ। ਜੇ ਤੁਹਾਡੇ ਜੀਵਨ 'ਚ ਪਿਆਰ ਦੀ ਕਮੀ ਹੈ ਤਾਂ ਗੁਲਾਬੀ ਤੇ ਜਾਮਣੀ ਰੰਗ ਦੇ ਕ੍ਰਿਸਟਲ ਲਗਾਓ। ਇਸ ਨੂੰ ਤੁਸੀਂ ਬੈੱਡਰੂਮ 'ਚ ਲਗਾ ਸਕਦੇ ਹੋ। ਇਸ ਤਰ੍ਹਾਂ ਵੱਖ-ਵੱਖ ਰੰਗਾਂ ਦੇ ਕ੍ਰਿਸਟਲਜ਼ ਨਾਲ ਤੁਸੀਂ ਸਕਾਰਾਤਮਕ ਊਰਜਾ ਲਿਆ ਸਕਦੇ ਹੋ।

- ਲਾਲ ਰੰਗ - ਲੜਾਈ, ਝਗੜੇ ਤੇ ਹਿੰਸਾ ਦਾ ਸੰਕੇਤ ਹੈ।
- ਹਰਾ ਰੰਗ - ਪਿਆਰ ਤੇ ਕੰਮ 'ਚ ਸਫਲਤਾ ਦੀ ਸੰਭਾਵਨਾ ਹੈ।
- ਪੀਲਾ ਰੰਗ - ਨਫ਼ਰਤ ਪੈਦਾ ਹੋ ਸਕਦੀ ਹੈ।
- ਨੀਲਾ ਰੰਗ - ਮਿਹਨਤ ਨਾਲ ਕੰਮ ਕਰਨ ਦੀ ਉਮੀਦ ਜਤਾਉਂਦਾ ਹੈ।
- ਗੁਲਾਬੀ ਰੰਗ - ਨਵੀਂ ਸ਼ੁਰੂਆਤ ਦਾ ਸੰਕੇਤ ਹੈ।
- ਭੂਰਾ ਰੰਗ - ਪਰਿਵਰਤਨ ਦੀ ਸੰਭਾਵਨਾ ਹੈ।
- ਬੈਂਗਣੀ ਰੰਗ- ਮਿੱਤਰਾਂ ਤੋਂ ਲਾਭ ਦਾ ਸੰਕੇਤ

ਸੰਪਾਦਕੀ

ਗਲੇਸ਼ੀਅਰ ਦੀਆਂ ਝੀਲਾਂ ਟੁੱਟਣ ਦੀ ਬਿਪਤਾ ਨਾਲ ਜੂਝ ਰਹੇ ਹਿਮਾਚਲ ਪ੍ਰਦੇਸ਼

'ਦੇਵਤਿਆਂ ਦੀ ਘਾਟੀ' ਵਜੋਂ ਜਾਣੇ ਜਾਂਦੇ ਕੁੱਲੂ ਵਿੱਚ ਹੰਢਣਸਾਰ ਸੈਰ-ਸਪਾਟੇ ਦੇ ਪੱਖ 'ਚ ਜ਼ਮੀਨੀ ਪੱਧਰ 'ਤੇ ਬਦਲਾਅ ਦੇਖਣ ਨੂੰ ਮਿਲ ਰਿਹਾ ਹੈ। ਨਿਰੰਤਰ ਜ਼ਮੀਨ ਖਿਸਕਣ, ਬੱਦਲ ਫਟਣ ਅਤੇ ਗਲੇਸ਼ੀਅਰ ਦੀਆਂ ਝੀਲਾਂ ਟੁੱਟਣ ਦੀ ਬਿਪਤਾ ਨਾਲ ਜੂਝ ਰਹੇ ਹਿਮਾਚਲ ਪ੍ਰਦੇਸ਼ 'ਚ ਸੈਰ-ਸਪਾਟਾ ਸਨਅਤ ਦੇ ਗ਼ੈਰ-ਨਿਯਮਿਤ ਵਾਧੇ ਨੇ ਚੌਗਿਰਦੇ ਦੇ ਨਿਘਾਰ ਅਤੇ ਆਫ਼ਤਾਂ ਦੇ ਖ਼ਤਰੇ ਨੂੰ ਕਈ ਗੁਣਾ ਵਧਾ ਦਿੱਤਾ ਹੈ। ਇਸ ਸੰਕਟ ਦੇ ਪ੍ਰਸੰਗ ਵਿੱਚ ਬੰਜਾਰ ਵਾਦੀ ਦੀਆਂ ਪੰਚਾਇਤਾਂ ਨੇ ਹਿੰਮਤੀ ਕਦਮ ਚੁੱਕਿਆ ਹੈ। ਉਨ੍ਹਾਂ ਸੈਰ-ਸਪਾਟੇ ਦੇ ਵਿਕਾਸ ਨੂੰ ਨਿਯਮਿਤ ਕਰਨ ਲਈ ਪੰਚਾਇਤੀ ਰਾਜ ਕਾਨੂੰਨ ਅਧੀਨ ਉਸਾਰੀ ਦੇ ਨਿਯਮ ਲਾਗੂ ਕਰ ਦਿੱਤੇ ਹਨ। ਇਹ ਉੱਦਮ ਤੀਰਥਨ ਨਦੀ ਤੇ ਜਿੱਭੀ ਵਾਦੀ ਦੇ ਨਾਲ ਬਿਨਾਂ ਨਿਗਰਾਨੀ ਤੋਂ ਹੋ ਰਹੀ ਉਸਾਰੀ 'ਤੇ ਲਗਾਮ ਕਸਣ 'ਚ ਮਹੱਤਵਪੂਰਨ ਹੋਵੇਗਾ, ਜਿਸ ਕਾਰਨ ਨਦੀਆਂ-ਨਾਲੇ ਪ੍ਰਦੂਸ਼ਿਤ ਹੋਏ ਹਨ, ਜੈਵ ਭਿੰਨਤਾ 'ਚ ਵਿਗਾੜ ਪਿਆ ਹੈ ਅਤੇ ਪਰੰਪਰਾਗਤ ਵਸੋਂ ਵਿਸਥਾਪਿਤ ਹੋਈ ਹੈ।

ਸਥਾਨਕ ਸ਼ਾਸਨ ਤੰਤਰ ਨਾਜ਼ੁਕ ਚੌਗਿਰਦੇ ਦੀ ਰਾਖੀ 'ਚ ਅਹਿਮ ਕੜੀ ਹੈ, ਪਰ ਇਨ੍ਹਾਂ ਯਤਨਾਂ ਨੂੰ ਸੰਸਥਾਈ ਮਦਦ ਅਤੇ ਟਿਕਾਊ ਨੀਤੀਗਤ ਵਚਨਬੱਧਤਾ ਦੀ ਵੀ ਲੋੜ ਹੈ। ਜਲਵਾਯੂ ਤਬਦੀਲੀ ਡਿਵੈਲਪਮੈਂਟ ਰਿਪੋਰਟ 'ਤੇ ਯੂਐੱਨਡੀਪੀ ਨਾਲ ਹਿਮਾਚਲ ਪ੍ਰਦੇਸ਼ ਸਰਕਾਰ ਦੀ ਸਾਂਝ ਸਵਾਗਤਯੋਗ ਹੈ, ਪਰ ਇਕੱਲੀਆਂ ਰਿਪੋਰਟਾਂ ਕਾਫ਼ੀ ਨਹੀਂ ਹਨ। ਅਰਥਪੂਰਨ ਬਦਲਾਅ ਲਈ ਠੋਸ ਨੀਤੀਗਤ ਕਦਮ ਚੁੱਕਣੇ ਪੈਣਗੇ- ਖੇਤਰੀ ਪੱਧਰ 'ਤੇ ਸਖ਼ਤੀ ਲਈ ਕਾਨੂੰਨ, ਬਿਹਤਰ ਕੂੜਾ ਪ੍ਰਬੰਧਨ ਤੇ ਗਲੇਸ਼ੀਅਰਾਂ ਨਾਲ ਲੱਗਦੀਆਂ ਝੀਲਾਂ ਟੁੱਟਣ ਦੀ ਛੇਤੀ ਚਿਤਾਵਨੀ ਆਦਿ ਲੋੜੀਂਦੇ ਹਨ। ਇਸ ਤੋਂ ਇਲਾਵਾ ਬੁਨਿਆਦੀ ਢਾਂਚੇ ਦੀਆਂ ਸਥਾਨਕ ਲੋੜਾਂ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਰਘੂਪੁਰ ਤੇ ਸਰੋਲਸਰ ਝੀਲਾਂ ਤੱਕ ਸੜਕੀ ਸੰਪਰਕ ਨਾ ਹੋਣਾ ਹੰਢਣਸਾਰ ਸੈਰ-ਸਪਾਟੇ ਦੀਆਂ ਕੋਸ਼ਿਸ਼ਾਂ ਨੂੰ ਸੀਮਤ ਕਰਦਾ ਹੈ ਅਤੇ ਵਾਤਾਵਰਨ ਪੱਖੀ ਬਦਲਾਂ ਜਿਵੇਂ ਕੁੱਲੂ 'ਚ ਤਜਵੀਜ਼ਸ਼ੁਦਾ ਹਵਾਈ ਰੋਪਵੇਅ ਦੀ ਲੋੜ ਨੂੰ ਉਭਾਰਦਾ ਹੈ।

ਖ਼ਰਾਬ ਮੌਸਮ ਦੇ ਬਾਵਜੂਦ ਹਿਮਾਚਲ ਪ੍ਰਦੇਸ਼ 'ਚ 2023 ਵਿੱਚ 1.6 ਕਰੋੜ ਸੈਲਾਨੀ ਆਏ, ਜੋ ਪਿਛਲੇ ਸਾਲ ਨਾਲੋਂ 6 ਪ੍ਰਤੀਸ਼ਤ ਵੱਧ ਸੀ। ਇਸ ਦੌਰਾਨ ਸੂਬੇ ਨੂੰ ਵੱਡੀ ਪੱਧਰ 'ਤੇ ਕੁਦਰਤੀ ਆਫ਼ਤਾਂ ਨਾਲ ਦੋ-ਚਾਰ ਹੋਣਾ ਪਿਆ ਤੇ ਕਾਫ਼ੀ ਜਾਨੀ-ਮਾਲੀ ਨੁਕਸਾਨ ਵੀ ਹੋਇਆ। ਦੇਖਿਆ ਜਾਵੇ ਤਾਂ ਇਸ 'ਚ ਗ਼ੈਰ-ਨਿਯਮਿਤ ਉਸਾਰੀਆਂ ਦਾ ਵੀ ਪੂਰਾ ਯੋਗਦਾਨ ਸੀ। ਸੈਰ-ਸਪਾਟਾ ਭਾਵੇਂ ਰਾਜ ਦੀ ਆਰਥਿਕ ਜੀਵਨ ਰੇਖਾ ਹੈ, ਪਰ ਕੁੱਲੂ ਵਰਗੇ ਵਾਤਾਵਰਨ ਪੱਖੋਂ ਸੰਵੇਦਨਸ਼ੀਲ ਇਲਾਕਿਆਂ 'ਚ ਗ਼ੈਰ-ਨਿਯਮਿਤ ਵਾਧਾ ਲੰਮੇਰੀ ਹੰਢਣਸਾਰਤਾ ਲਈ ਖ਼ਤਰਨਾਕ ਹੈ। ਬੰਜਾਰ ਦੀਆਂ ਪੰਚਾਇਤਾਂ ਵੱਲੋਂ ਅਪਣਾਇਆ ਗਿਆ ਰੁਖ਼ ਬਾਕੀ ਖੇਤਰਾਂ ਲਈ ਵੀ ਮਿਸਾਲ ਹੈ। ਜਦੋਂ ਮੁਕਾਮੀ ਸ਼ਾਸਕੀ ਢਾਂਚਾ ਵਾਤਾਵਰਨ ਦੀ ਰਾਖੀ ਦਾ ਜ਼ਿੰਮਾ ਚੁੱਕਦਾ ਹੈ, ਟਿਕਾਊ ਸੈਰ-ਸਪਾਟਾ ਹਕੀਕਤ ਦਾ ਰੂਪ ਲੈ ਲੈਂਦਾ ਹੈ। ਕੁੱਲੂ ਦੇ ਮਨਮੋਹਕ ਭੂ-ਦ੍ਰਿਸ਼ ਦੇ ਕਾਇਮ ਰਹਿਣ ਲਈ ਜ਼ਰੂਰੀ ਹੈ ਕਿ ਜ਼ਮੀਨੀ ਪੱਧਰ 'ਤੇ ਸਾਂਭ-ਸੰਭਾਲ ਦੀਆਂ ਕੋਸ਼ਿਸ਼ਾਂ ਹੋਰ ਤੇਜ਼ ਹੋਣ ਤੇ ਇਨ੍ਹਾਂ ਨੂੰ ਸੰਸਥਾਈ ਰੂਪ ਦਿੱਤਾ ਜਾਵੇ। ਪੰਚਾਇਤਾਂ ਰਾਹ-ਦਸੇਰਾ ਬਣੀਆਂ ਹਨ। ਹੁਣ ਸੂਬੇ ਨੂੰ ਵੀ ਫ਼ੈਸਲਾਕੁਨ ਕਾਰਵਾਈ ਕਰ ਕੇ ਦਿਖਾਉਣੀ ਚਾਹੀਦੀ ਹੈ ਅਤੇ ਇਸ ਨਾਲ ਸਬੰਧਿਤ ਕਵਾਇਦ ਪਹਿਲ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ।

ਧੋਖਾਧੜੀ ਤੇ ਨਿਯਮਾਂ ਦੀ ਉਲੰਘਣਾ ਨਾਲ ਜਾਂਚ ਦੇ ਘੇਰੇ 'ਚ ਸੇਬੀ

ਦੇਸ਼ 'ਚ ਪੂੰਜੀ ਬਾਜ਼ਾਰ 'ਤੇ ਨਿਗ੍ਹਾ ਰੱਖਣ ਵਾਲੇ ਸਕਿਉਰਿਟੀ ਤੇ ਐਕਸਚੇਂਜ ਬੋਰਡ (ਸੇਬੀ) ਨਾਲ ਸਬੰਧਿਤ ਦੋ ਬਿਲਕੁਲ ਵੱਖਰੀਆਂ ਘਟਨਾਵਾਂ ਵਾਪਰੀਆਂ ਹਨ। ਸਾਬਕਾ ਵਿੱਤ ਤੇ ਰੈਵੇਨਿਊ ਸਕੱਤਰ ਤੂਹਿਨ ਕਾਂਤਾ ਪਾਂਡੇ ਨੇ ਬੋਰਡ ਦੇ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ ਹੈ ਅਤੇ ਮੁੰਬਈ ਵਿੱਚ ਇੱਕ ਵਿਸ਼ੇਸ਼ ਅਦਾਲਤ ਨੇ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਨੂੰ ਇਸ ਤੋਂ ਪਹਿਲਾਂ ਚੇਅਰਪਰਸਨ ਰਹੀ ਮਾਧਵੀ ਪੁਰੀ ਬੁਚ ਤੇ ਹੋਰਨਾਂ ਅਧਿਕਾਰੀਆਂ ਖ਼ਿਲਾਫ਼ ਐੱਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ ਹੈ। ਇਹ ਕੇਸ ਸ਼ੇਅਰ ਬਾਜ਼ਾਰ 'ਚ ਧੋਖਾਧੜੀ ਤੇ ਨਿਯਮਾਂ ਦੀ ਉਲੰਘਣਾ ਨਾਲ ਸਬੰਧਿਤ ਹੈ। ਇਲਜ਼ਾਮ ਸੰਨ 1994 ਵਿੱਚ ਸ਼ੇਅਰ ਬਾਜ਼ਾਰ 'ਚ ਇੱਕ ਫਰਜ਼ੀ ਕੰਪਨੀ ਨੂੰ ਸੂਚੀਬੱਧ ਕੀਤੇ ਜਾਣ ਨਾਲ ਜੁੜੇ ਹੋਏ ਹਨ ਜਿਸ 'ਚ ਸਬੰਧਿਤ ਪ੍ਰਸ਼ਾਸਕੀ ਤੰਤਰ ਦੀ ਵੀ ਮਿਲੀਭੁਗਤ ਹੈ। ਹਾਲਾਂਕਿ ਬੁਚ ਇਸ ਕਥਿਤ ਧੋਖਾਧੜੀ ਤੋਂ ਤਿੰਨ ਦਹਾਕਿਆਂ ਬਾਅਦ ਸੇਬੀ ਦੀ ਮੁਖੀ ਬਣੀ ਸੀ ਪਰ ਅਦਾਲਤ ਦਾ ਕਹਿਣਾ ਹੈ ਕਿ ਕਾਨੂੰਨ ਦੀ ਪਾਲਣਾ ਯਕੀਨੀ ਬਣਾਉਣ ਵਾਲੀਆਂ ਏਜੰਸੀਆਂ ਅਤੇ ਸੇਬੀ ਵੱਲੋਂ ਕਾਰਵਾਈ ਨਾ ਕੀਤੇ ਜਾਣ ਕਰ ਕੇ ਅਪਰਾਧਕ ਕਾਨੂੰਨਾਂ ਤਹਿਤ ਨਿਆਂਇਕ ਦਖਲ ਦੀ ਲੋੜ ਪਈ ਹੈ। ਇਹ ਜਾਣਨ ਲਈ ਡੂੰਘਾਈ ਨਾਲ ਜਾਂਚ ਲੋੜੀਂਦੀ ਹੈ ਕਿ ਕੀ ਉਸ ਨੇ ਪੁਰਾਣੇ ਕੇਸ ਬਾਰੇ ਸ਼ਿਕਾਇਤ ਨੂੰ ਦੇਖਿਆ ਜਾਂ ਨਜ਼ਰਅੰਦਾਜ਼ ਕੀਤਾ।

ਬੁਚ ਪਿਛਲੇ ਸਾਲ ਵੀ ਉਦੋਂ ਵਿਵਾਦਾਂ ਵਿੱਚ ਘਿਰ ਗਈ ਸੀ ਜਦੋਂ ਅਮਰੀਕੀ ਸ਼ਾਰਟ-ਸੈੱਲਰ ਹਿੰਡਨਬਰਗ ਰਿਸਰਚ (ਹੁਣ ਖ਼ਤਮ ਹੋ ਚੁੱਕੀ) ਨੇ ਉਸ ਅਤੇ ਉਸ ਦੇ ਪਤੀ ਉੱਤੇ ਗੁੰਮਨਾਮ ਵਿਦੇਸ਼ੀ ਇਕਾਈਆਂ 'ਚ ਹਿੱਸਾ ਰੱਖਣ ਦਾ ਦੋਸ਼ ਲਾਇਆ ਸੀ। ਹਿੰਡਨਬਰਗ ਦਾ ਦੋਸ਼ ਸੀ ਕਿ ਇਹ ਕੰਪਨੀਆਂ ਅਡਾਨੀ ਗਰੁੱਪ ਵੱਲੋਂ ਹੇਰਾਫੇਰੀ ਕਰ ਕੇ 'ਪੈਸਾ ਸੋਖਣ' ਲਈ ਖੜ੍ਹੀਆਂ ਕੀਤੀਆਂ ਗਈਆਂ ਸਨ। ਇਸ ਦਾਅਵੇ 'ਤੇ ਕਾਫ਼ੀ ਹੰਗਾਮਾ ਹੋਇਆ ਸੀ ਕਿਉਂਕਿ ਸੇਬੀ, ਜਿਸ ਦੀ ਅਗਵਾਈ ਉਸ ਵੇਲੇ ਬੁਚ ਕਰ ਰਹੀ ਸੀ, ਖ਼ੁਦ ਅਡਾਨੀ ਗਰੁੱਪ 'ਤੇ ਲੱਗੇ ਸਟਾਕ ਹੇਰ-ਫੇਰ ਤੇ ਅਕਾਊਂਟਿੰਗ ਧੋਖਾਧੜੀ ਦੇ ਦੋਸ਼ਾਂ ਦੀ ਜਾਂਚ ਕਰ ਰਹੀ ਸੀ। ਹਿੱਤਾਂ ਦੇ ਟਕਰਾਅ ਦੇ ਖ਼ਦਸ਼ਿਆਂ ਕਾਰਨ ਉਸ ਦੇ ਅਸਤੀਫ਼ੇ ਦੀ ਮੰਗ ਜ਼ੋਰ-ਸ਼ੋਰ ਨਾਲ ਉੱਠੀ ਸੀ, ਪਰ ਬੁਚ ਆਪਣੇ ਰੁਖ਼ 'ਤੇ ਅੜੀ ਰਹੀ। ਅਖ਼ੀਰ 'ਚ, ਰੌਲਾ-ਰੱਪਾ ਮੁੱਕ ਗਿਆ, ਜਿਵੇਂ ਅਕਸਰ ਭਾਰਤ ਵਿੱਚ ਹੁੰਦਾ ਹੈ ਤੇ ਸਭ ਕੁਝ ਮੁੜ ਆਮ ਵਾਂਗ ਹੋ ਗਿਆ। ਹਾਲਾਂਕਿ, ਸੇਬੀ ਦੀ ਭਰੋਸੇਯੋਗਤਾ ਨੂੰ ਖ਼ੋਰਾ ਲੱਗਾ ਤੇ ਨਿਵੇਸ਼ਕਾਂ ਦੇ ਵਿਸ਼ਵਾਸ ਨੂੰ ਵੀ ਠੇਸ ਪਹੁੰਚੀ। ਇਸ ਦੌਰਾਨ ਸ਼ੇਅਰ ਬਾਜ਼ਾਰ ਕਈ ਵਾਰ ਹੇਠਾਂ ਉੱਤੇ ਹੋਇਆ ਅਤੇ ਨਿਵੇਸ਼ਕਾਂ ਦੇ ਪੈਸੇ ਡੁੱਬੇ।

ਬੁਚ ਦੇ ਜਾਨਸ਼ੀਨ ਨੇ ਚਾਰ ਚੀਜ਼ਾਂ ਉੱਤੇ ਧਿਆਨ ਕੇਂਦਰਿਤ ਕਰਨ ਦਾ ਵਾਅਦਾ ਕੀਤਾ ਹੈ- ਭਰੋਸਾ, ਪਾਰਦਰਸ਼ਤਾ, ਸਹਿਯੋਗ ਤੇ ਤਕਨੀਕ। ਪਹਿਲੀਆਂ ਦੋ ਸੇਬੀ ਲਈ ਅਤਿ ਮਹੱਤਵਪੂਰਨ ਹਨ ਤਾਂ ਕਿ ਮਜ਼ਬੂਤ ਤਿਜਾਰਤੀ ਸੰਸਥਾ ਵਜੋਂ ਇਸ ਦਾ ਕੱਦ ਮੁੜ ਬਹਾਲ ਹੋ ਸਕੇ। ਜੇ ਸੇਬੀ ਜਿਹਾ ਮਾਰਕੀਟ ਰੈਗੂਲੇਟਰ ਇੱਕ ਤੋਂ ਬਾਅਦ ਇੱਕ ਵਿਵਾਦਾਂ ਵਿੱਚ ਘਿਰਿਆ ਰਿਹਾ ਤਾਂ ਭਾਰਤ ਲਈ ਖ਼ੁਦ ਨੂੰ ਨਿਵੇਸ਼ਕ ਪੱਖੀ ਮੁਲਕ ਸਾਬਿਤ ਕਰਨਾ ਮੁਸ਼ਕਿਲ ਹੋ ਜਾਵੇਗਾ।

ਖ਼ੂਨਦਾਨ ਕੈਂਪ ਅਤੇ ਚਮੜੀ ਰੋਗਾਂ ਦਾ ਕੈਂਪ ਲਗਾਇਆ

ਸੁਨਾਮ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਜਾਨਕਾਰੀ ਦਿੰਦੇ ਹੋਏ ਸ਼੍ਰੀ ਬਾਲਾ ਜੀ ਟਰੱਸਟ ਦੇ ਗੌਰਵ ਜਨਾਲੀਆ ਅਤੇ ਰੋਟੇਰੀਅਨ ਨਿਤੀਸ਼ ਗਰਗ ਨੇ ਦੱਸਿਆ ਕਿ ਖ਼ੂਨਦਾਨ ਮਹਾਦਾਨ ਕੈਂਪ ਅਤੇ ਚਮੜੀ ਦੇ ਰੋਗਾਂ ਦਾ ਕੈਂਪ ਲਗਾਇਆ ਜਾ ਰਿਹਾ ਹੈ, ਜਿਸਦਾ ਪੋਸਟਰ ਕੈਬਿਨੇਟ ਮੰਤਰੀ ਅਮਨ ਅਰੋੜ ?ਾ ਦੇ ਪੀ ? ਏ ? ਸੰਜੀਵ ਕੁਮਾਰ (ਸੰਜੂ) ਅਤੇ ਸਰਜੀਵਨ ਗੋਇਲ (ਲੱਕੀ) ਨੇ ਰਿਲੀਜ ਕੀਤਾ।

ਲੱਕੀ ਅਤੇ ਸੰਜੂ ਨੇ ਸਾਂਝੀ ਵਾਰਤਾ ਵਿੱਚ ਕਿਹਾ ਕਿ ਸ਼੍ਰੀ ਬਾਲਾ ਜੀ ਟਰਸੱਟ ਅਤੇ ਰੋਟਰੀ ਕਲੱਬ (ਸਟਾਰ) ਦੁਆਰਾ ਮਾਨਵਤਾ ਦੀ ਸੇਵਾ ਲਈ ਸਮੇਂ ਸਮੇਂ ਤੇ ਮੈਡੀਕਲ ਕੈਂਪ ਅਤੇ ਖ਼ੂਨਦਾਨ ਕੈਂਪ ਲਗਾਉਣਾ ਇੱਕ ਬਹੁਤ ਹੀ ਸ਼ਲਾਘਾ ਯੋਗ ਕਦਮ ਹੈ ਅਤੇ ਇਸ ਤੋਂ ਵੱਡੀ ਹੋਰ ਕੀ ਸੇਵਾ ਹੋਵੇਗੀ ? ਅਸੀ ਸਾਰੇ ਮੈਂਬਰਾਂ ਨੂੰ ਵਧਾਈ ਦਿੰਦੇ ਹਾਂ ਅਤੇ ਆਸ਼ਾ ਕਰਦੇ ਹਾਂ ਕਿ ਦੋਵੇਂ ਸੰਸਥਾਵਾਂ ਮਿਲਕੇ ਸਮਾਜ ਵਿੱਚ ਸਮਾਜ ਸੇਵਾ ਦੇ ਕੰਮ ਕਰਦੀਆਂ ਰਹਿਣਗੀਆਂ।

ਜਨਾਲੀਆ ਨੇ ਦੱਸਿਆ ਕਿ ਖ਼ੂਨਦਾਨ ਮਹਾਦਾਨ ਕੈਂਪ ਅਤੇ ਚਮੜੀ ਰੋਗਾ ਦਾ ਕੈਂਪ 16 ਮਾਰਚ 2025 ਦਿਨ ਐਤਵਾਰ ਨੂੰ ਸਵੇਰੇ 9:15 ਤੋਂ ਦੁਪਹਿਰ 1:30 ਵਜੇ ਤੱਕ ਅਯੋਧਿਆ ਭਵਨ ਸ਼੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਵਿੱਚ ਲਗਾਇਆ ਜਾ ਰਿਹਾ ਹੈ।

ਉਹਨਾਂ ਨੇ ਕਿਹਾ ਕਿ ਬਲੱਡ ਬੈਂਕ ਵਿੱਚ ਖ਼ੂਨ ਦੀ ਵੱਧ ਰਹੀ ਮੰਗ ਨੂੰ ਦੇਖਦੇ ਹੋਏ ਅਤੇ ਬਲੱਡ ਬੈਂਕ ਵਿੱਚ ਖ਼ੂਨ ਦੀ ਕਮੀ ਨੂੰ ਦੇਖਦੇ ਹੋਏ ਟਾਈਮ ਟਾਈਮ ਤੇ ਖ਼ੂਨ ਦਾਨ ਕੈਂਪ ਲਗਾਏ ਜਾਂਦੇ ਹਨ, ਤਾਂ ਜੋ ਕਿਸੇ ਵੀ ਲੋੜਵੰਦ ਦੀ ਖ਼ੂਨ ਦੀ ਕਮੀ ਦੇ ਕਾਰਨ ਮੌਤ ਨਾ ਹੋ ਜਾਵੇ। ਉਹਨਾ ਨੇ ਕਿਹਾ ਕਿ ਇਹ ਕੈਂਪ ਸਰਕਾਰੀ ਹਸਪਤਾਲ ਸੰਗਰੂਰ ਦੀ ਬਲੱਡ ਬੈਂਕ ਦੀ ਟੀਮ ਦੀ ਦੇਖ ਰੇਖ ਵਿੱਚ ਲਗਾਇਆ ਜਾ ਰਿਹਾ ਹੈ ਅਤੇ ਚਮਡ ?ੀ ਰੋਗਾਂ ਦੇ ਮਾਹਿਰ ਡਾਕਟਰ ਨਵਦੀਪ ਅਰੋੜਾ ਐਮ.ਡੀ. ਪਹੁੰਚ ਰਹੇ ਹਨ। ਜਨਾਲੀਆ ਨੇ ਸਾਰੇ ਨਗਰ ਨਿਵਾਸੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਇਸ ਕੈਂਪ ਦਾ ਲਾਭ ਜਰੂਰ ਲੈਣ ਅਤੇ ਖ਼ੁਦ ਖ਼ੂਨਦਾਨ ਕਰਨ ਲਈ ਅੱਗੇ ਆਉਣ ਅਤੇ ਅਪਣੇ ਆਲੇ ਦੁਆਲੇ ਰਹਿਣ ਵਾਲੇ ਲੋਕਾਂ ਨੂੰ ਵੀ ਖ਼ੂਨ ਦਾਨ ਕਰਨ ਦੇ ਲਈ ਉਤਸਾਹਿਤ ਕਰਨ।

ਉਹਨਾਂ ਨੇ ਕਿਹਾ ਕਿ ਇੱਕ ਹਫਤੇ ਵਿੱਚ ਸਾਡੇ ਸ਼ਰੀਰ ਵਿੱਚ ਨਵੀਆਂ ਰਕਤ ਕੋਸ਼ਿਕਾ ਦਾ ਨਿਰਮਾਣ ਸ਼ੁਰੂ ਹੋ ਜਾਂਦਾ ਹੈ ਅਤੇ ਹਰ ਇੱਕ ਵਿਅਕਤੀ ਤਿੰਨ ਮਹੀਨੇ ਬਾਦ ਦੁਆਰਾ ਖ਼ੂਨਦਾਨ ਕਰ ਸਕਦਾ ਹੈ, ਜੋ ਵਿਅਕਤੀ ਇਸ ਖ਼ੂਨਦਾਨ ਕੈਂਪ ਵਿੱਚ ਖ਼ੂਨਦਾਨ ਕਰਨਾ ਚਾਹੁੰਦਾ ਹੈ,ਉਹ ਇਸ ਨੰਬਰ 9888847165 ਜਾਂ 8283821491 ਤੇ ਸੰਪਰਕ ਕਰਕੇ ਅਪਨਾ ਨਾਮ ਜਰੂਰ ਲਿਖਵਾ ਸਕਦਾ ਹੈ, ਤਾਂ ਜੋ ਆਉਣ ਵਾਲੇ ਖ਼ੂਨ ਦਾਨੀਆਂ ਲਈ ਸਹੀ ਢੰਗ ਨਾਲ ਇੰਤਜਾਮ ਕੀਤਾ ਜਾ ਸਕੇ।

ਇਸ ਮੌਕੇ ਤੇ ਰੋਟੇਰੀਅਨ ਵਿਨੈ ਜਿੰਦਲ,ਰੋਟੇਰੀਅਨ ਨਿਤੀਸ਼ ਗਰਗ, ਰੋਟੇਰੀਅਨ ਸੁਸ਼ੀਲ ਬਾਂਸਲ , ਰਜਤ ਜੈਨ , ਅਨਿਲ ਲੀਲਾ, ਰਾਜੇਸ਼ ਬਾਂਸਲ ,ਚਕਸ਼ੂ ਗੋਇਲ ਆਦਿ ਮੌਜੂਦ ਸਨ ।

ਚੀਫ ਖਾਲਸਾ ਦੀਵਾਨ ਸ੍ਰੀ ਅੰਮ੍ਰਿਤਸਰ ਵੱਲੋਂ ਵਿਦਿਆਰਥੀਆਂ ਨੂੰ ਵਜ਼ੀਫਾ ਦਿੱਤਾ ਗਿਆ

ਸ੍ਰੀ ਆਨੰਦਪੁਰ ਸਾਹਿਬ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦੇ ਵਿਦਿਆਰਥੀਆਂ ਨੂੰ ਸੋਢੀ ਕਲਿਆਣ ਸਿੰਘ ਮਾਤਾ ਪ੍ਰਕਾਸ਼ ਕੌਰ ਮੈਮੋਰੀਅਲ ਸਕਾਲਰਸ਼ਿਪ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਲਈ ਚੀਫ਼ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਡਾ.ਏ.ਐਸ.ਦੂਆ, ਡਾ. ਮਨਮੋਹਨ ਸਿੰਘ ਅਤੇ ਸ. ਅਮਰਜੀਤ ਸਿੰਘ ਚੁੱਘ ਉਚੇਚੇ ਤੌਰ ਤੇ ਪਹੁੰਚੇ। ਸਕੂਲ ਪਹੁੰਚਣ ਤੇ ਉਹਨਾਂ ਨੇ ਸਕਾਲਰਸ਼ਿਪ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਅਤੇ ਲਗਨ ਦੇ ਨਾਲ ਪੜ੍ਹਾਈ ਕਰਨ ਦੇ ਲਈ ਅਤੇ ਜ਼ਿੰਦਗੀ ਵਿੱਚ ਇੱਕ ਕਾਮਯਾਬ ਇਨਸਾਨ ਬਣਨ ਲਈ ਪ੍ਰੇਰਿਤ ਕੀਤਾ । ਸਕੂਲ ਸਟਾਫ ਵੱਲੋਂ ਡਾ. ਏ. ਐਸ. ਦੂਆ, ਡਾ. ਮਨਮੋਹਨ ਸਿੰਘ ਅਤੇ ਸ. ਅਮਰਜੀਤ ਸਿੰਘ ਚੁੱਘ ਜੀ ਦਾ ਧੰਨਵਾਦ ਕੀਤਾ ਗਿਆ।

ਇਸ ਮੌਕੇ ਨਿਸ਼ਾ ਗਰਗ ਸਮੇਤ ਸਮੂਹ ਸਟਾਫ ਅਤੇ ਸਕਾਲਰਸ਼ਿਪ ਲੈਣ ਵਾਲੇ ਵਿਦਿਆਰਥੀ ਹਾਜ਼ਰ ਸਨ ।

ਸਟੀਫਨ ਇੰਟਰਨੈਸ਼ਨਲ ਸਕੂਲ ਨੇ ਮਜ਼ੇਦਾਰ ਗਤੀਵਿਧੀਆਂ ਨਾਲ ਫ੍ਰੈਂਚ ਸੱਭਿਆਚਾਰ ਦਾ ਜਸ਼ਨ ਮਨਾਇਆ

ਸੁਨਾਮ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਟੀਫਨ ਇੰਟਰਨੈਸ਼ਨਲ ਸਕੂਲ ਦੇ ਸਤਿਕਾਰਯੋਗ ਡਾਇਰੈਕਟਰ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਹਾਲ ਹੀ ਵਿੱਚ ਸਕੂਲ ਦੇ ਫ੍ਰੈਂਚ ਅਧਿਆਪਕ ਦੁਆਰਾ ਆਯੋਜਿਤ ਦਿਲਚਸਪ ਗਤੀਵਿਧੀਆਂ ਦੀ ਇੱਕ ਲੜੀ ਨਾਲ ਫ੍ਰੈਂਚ ਸੱਭਿਆਚਾਰ ਦੀ ਸੁੰਦਰਤਾ ਦਾ ਜਸ਼ਨ ਮਨਾਇਆ।

ਉਨ੍ਹਾਂ ਦੀਆਂ ਕਲਾਸਾਂ ਨੂੰ ਇੱਕ ਮਿੰਨੀ-ਫਰਾਂਸ ਵਿੱਚ ਬਦਲ ਦਿੱਤਾ ਗਿਆ ਸੀ, ਜਿੱਥੇ ਵਿਦਿਆਰਥੀਆਂ ਨੇ ਦੇਸ਼ ਦੀ ਭਾਸ਼ਾ, ਰੀਤੀ-ਰਿਵਾਜਾਂ ਅਤੇ ਪਰੰਪਰਾਵਾਂ ਵਿੱਚ ਆਪਣੇ ਆਪ ਨੂੰ ਲੀਨ ਕਰ ਲਿਆ। ਗਤੀਵਿਧੀਆਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਭਾ

ਪ੍ਰਸਾਸ਼ਨ ਨੇ ਭੂਰੀ ਵਾਲਿਆਂ ਦੇ ਸਹਿਯੋਗ ਨਾਲ ਚਲਾਇਆ ਸਾਫ ਸਫਾਈ ਅਭਿਆਨ

ਸ੍ਰੀ ਆਨੰਦਪੁਰ ਸਾਹਿਬ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਹੋਲਾ ਮਹੱਲਾ ਤਿਉਹਾਰ ਕੀਰਤਪੁਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਕ੍ਰਮਵਾਰ 10 ਤੋ 12 ਮਾਰਚ ਅਤੇ 13 ਤੋ 18 ਮਾਰਚ ਤੱਕ ਮਨਾਇਆ ਜਾ ਰਿਹਾ ਹੈ। ਲੱਖਾਂ ਸ਼ਰਧਾਲੂਆਂ ਦੀ ਆਮਦ ਨੂੰ ਧਿਆਨ ਵਿੱਚ ਰੱਖ ਕੇ ਹਰਜੋਤ ਬੈਂਸ ਕੈਬਨਿਟ ਮੰਤਰੀ ਤੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਜੈਨ ਵੱਲੋਂ ਲਗਾਤਾਰ ਬੈਠਕਾਂ ਕਰਕੇ ਮੇਲਾ ਪ੍ਰਬੰਧਾਂ ਦਾ ਜਾਇਜਾ ਲਿਆ ਜਾ ਰਿਹਾ ਹੈ ਅਤੇ ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ ਨੂੰ ਸਬੰਧਿਤ ਵਿਭਾਗਾ ਦੇ ਕੰਮਾਂ ਲਈ ਨਿਰਦੇਸ਼ ਜਾਰੀ ਕੀਤੇ ਜਾ ਰਹੇ ਹਨ।

ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਵੱਲੋਂ ਹੋਲਾ ਮਹੱਲਾ ਮੌਕੇ ਸੰਗਤਾਂ ਦੀ ਆਮਦ ਲਈ ਕੀਤੀਆ ਜਾ ਰਹੀਆਂ ਤਿਆਰੀਆਂ ਦਾ ਲਗਾਤਾਰ ਜਾਇਜ਼ਾ ਲੈਣ ਦੇ ਨਾਲ ਨਾਲ ਗੁਰੂ ਨਗਰੀ ਦੀ ਸਾਫ ਸਫਾਈ ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਸਫਾਈ ਅਭਿਆਨ ਸ਼ੁਰੂ ਕੀਤਾ ਗਿਆ ਜਿਸ ਵਿਚ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਨੇ ਆਪਣੇ ਸੇਵਾਦਾਰਾਂ ਦਾ ਸਹਿਯੋਗ ਦਿੱਤਾ। ਇਸ ਸਫਾਈ ਮੁਹਿੰਮ ਦੀ ਸ਼ੁਰੂਆਤ ਗਿਆਨੀ ਜੋਗਿੰਦਰ ਸਿੰਘ ਵੱਲੋਂ ਅਰਦਾਸ ਕਰਕੇ ਕੀਤੀ ਗਈ ਹੈ, ਇਸ ਮੁਹਿੰਮ ਵਿੱਚ ਵੱਖ ਵੱਖ ਵਿਭਾਗਾ ਦੇ ਅਧਿਕਾਰੀ, ਸੰਸਥਾਵਾਂ ਸਾਮਿਲ ਹੋਈਆ ਹਨ। ਐਸ.ਡੀ.ਐਮ ਨੇ ਦੱਸਿਆ ਕਿ ਹੋਲਾ ਮਹੱਲਾ ਮੌਕੇ ਨਿਰੰਤਰ ਜਲ ਸਪਲਾਈ, ਸੜਕਾਂ ਤੇ ਰੋਸ਼ਨੀ, ਰੁੱਖਾਂ, ਪੌਦਿਆਂ ਦੀ ਕਟਾਈ, ਛਟਾਈ ਤੇ ਧੁਲਾਈ, ਫੁੱਟਪਾਥਾਂ ਨੂੰ ਰੰਗ ਰੋਗਨ, ਸੜਕਾਂ ਦੀ ਮੁਰੰਮਤ, ਸਾਰੇ ਮਾਰਗਾਂ ਤੇ ਰੋਸ਼ਨੀ ਦਾ ਪ੍ਰਬੰਧ ਵਰਗੇ ਪ੍ਰੋਜੈਕਟ ਤੇ ਕੰਮ ਚੱਲ ਰਿਹਾ ਹੈ। ਭੂਰੀ ਵਾਲਿਆਂ ਦੇ ਸੇਵਾਦਾਰ ਗੁਰੂ ਨਗਰੀ ਦੇ ਕੋਨੇ ਕੋਨੇ ਨੂੰ ਚਮਕਾਉਣ ਵਿਚ ਲੱਗ ਗਏ ਹਨ। ਨਗਰ ਕੌਂਸਲ ਅਤੇ ਪੇਂਡੂ ਵਿਕਾਸ ਵਿਭਾਗ ਵੱਲੋਂ ਜਿੱਥੇ ਸਫਾਈ ਅਭਿਆਨ ਚਲਾਇਆ ਗਿਆ ਹੈ, ਉਥੇ ਪਲਾਸਟਿਕ ਮੁਕਤ ਹੋਲਾ ਮਹੱਲਾ ਮਨਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਵੱਲੋਂ ਸਮੁੱਚੀ ਲੋਕਾਈ ਨੂੰ ਹੋਲਾ ਮਹੱਲਾ ਮੌਕੇ ਸੰਜਮ ਵਰਤਣ, ਸਵੱਛਤਾ ਅਪਨਾਉਣ, ਵਾਹਨਾ ਤੇ ਸਟੰਟ ਨਾ ਕਰਨ ਅਤੇ ਸਮੁੱਚੇ ਮੇਲਾ ਖੇਤਰ ਨੂੰ ਸਿੰਗਲ ਯੂਜ ਪਲਾਸਟਿਕ ਮੁਕਤ ਮਨਾਉਣ ਦਾ ਸੰਦੇਸ਼ ਦਿੱਤਾ ਗਿਆ ਹੈ। ਹੋਲਾ ਮਹੱਲਾ ਦੌਰਾਨ ਯਾਤਰੀਆਂ ਦੀ ਸਹੂਲਤ ਲਈ ਪ੍ਰਸਾਸ਼ਨ ਵੱਲੋਂ ਸਟਲ ਬੱਸ ਸਰਵਿਸ, ਪਾਰਕਿੰਗ, ਜਲ ਸਪਲਾਈ, ਗੰਦੇ ਪਾਣੀ ਦੀ ਨਿਕਾਸੀ, ਸਾਫ ਸਫਾਈ, ਨਿਰਵਿਘਨ ਬਿਜਲੀ ਸਪਲਾਈ ਵਰਗੇ ਕੰਮ ਮੁਕੰਮਲ ਕਰਵਾਏ ਜਾ ਰਹੇ ਹਨ।ਮੇਲਾ ਅਫਸਰ ਜਸਪ੍ਰੀਤ ਸਿੰਘ ਉਪ ਮੰਡਲ ਮੈਜਿਸਟ੍ਰੇਟ ਵੱਲੋਂ ਹੋਲਾ ਮਹੱਲਾ ਦੌਰਾਨ ਹੋਣ ਵਾਲੀਆਂ ਤਿਆਰੀਆਂ ਦੀ ਰੂਪ ਰੇਖਾ ਤਿਆਰ ਕੀਤੀ ਜਾ ਰਹੀ ਹੈ। ਸਮੁੱਚੇ ਪ੍ਰਬੰਧਾਂ ਲਈ ਪਾਰਕਿੰਗ ਸਥਾਨਾ ਦੇ ਦੌਰੇ ਕਰਕੇ ਢੁਕਵੇ ਸਥਾਨਾ ਦੀ ਚੋਣ ਕੀਤੀ ਗਈ ਹੈ। ਖਾਦ ਪਦਾਰਥਾਂ ਦੀ ਵਿਕਰੀ ਲਈ ਜਰੂਰੀ ਮਾਪਦੰਢ ਅਪਨਾਏ ਜਾ ਰਹੇ ਹਨ।ਇਸ ਮੌਕੇ ਬਾਬਾ ਸੁਖਵਿੰਦਰ ਸਿੰਘ, ਮੈਨੇਜਰ ਮਲਕੀਤ ਸਿੰਘ, ਐ.ਮੈਨੇਜਰ ਹਰਦੇਵ ਸਿੰਘ,ਭਾਈ ਅਮਰਜੀਤ ਸਿੰਘ ਜੀ ਭੂਰੀ ਵਾਲੇ, ਬਾਬਾ ਕਾਲਾ ਜੀ ਭੂਰੀ ਵਾਲੇ, ਮੀ.ਮੈਨੇਜਰ ਕਰਮਜੀਤ ਸਿੰਘ, ਸੂਚਨਾ ਅਫਸਰ ਹਰਪ੍ਰੀਤ ਸਿੰਘ, ਸਰਬਜੀਤ ਸਿੰਘ, ਗ੍ਰੰਥੀ ਗੁਰਪ੍ਰੀਤ ਸਿੰਘ, ਗ੍ਰੰਥੀ ਸਤਨਾਮ ਸਿੰਘ ਜੀ ਤਖ਼ਤ ਸਾਹਿਬ ਹਾਜ਼ਰ ਸਨ।

ਸੀ-ਪਾਈਟ ਵੱਲੋਂ ਪੰਜਾਬ ਪੁਲਿਸ ਭਰਤੀ ਲਈ ਮੁਫਤ ਫਿਜੀਕਲ ਟ੍ਰੇਨਿੰਗ ਕੈਂਪ ਸ਼ੁਰੂ

ਫਾਜ਼ਿਲਕਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਰੋਜਗਾਰ ਉਤਪੱਤੀ ਤੇ ਟ੍ਰੇਨਿੰਗ ਵਿਭਾਗ ਦੇ ਅਦਾਰੇ ਸੀ-ਪਾਈਟ ਕੈਂਪ ਪਿੰਡ ਕਾਲਝਰਾਣੀ ਜਿਲ੍ਹਾ ਬਠਿੰਡਾ (ਬਠਿੰਡਾ - ਲੰਬੀ ਰੋਡ) ਵੱਲੋਂ ਜਿਲ੍ਹਾ ਫਾਜਿਲਕਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਦੇ ਯੁਵਕਾਂ ਵਾਸਤੇ ਪੰਜਾਬ ਪੁਲਿਸ ਦੇ ਲਿਖਤੀ ਪੇਪਰ ਦੀ ਤਿਆਰੀ ਲਈ ਮੁਫਤ ਸਿਖਲਾਈ ਕੈਂਪ ਸ਼ੁਰੂ ਕੀਤਾ ਜਾ ਚੁੱਕਾ ਹੈ। ਜਿਨ੍ਹਾਂ ਯੁਵਕਾਂ ਵੱਲੋਂ ਅਜੇ ਤੱਕ ਆਨ-ਲਾਈਨ ਅਪਲਾਈ ਨਹੀ ਕੀਤਾ, ਉਹ ਪੰਜਾਬ ਪੁਲਿਸ ਦੀ ਵੈਬ ਸਾਈਟ ਤੇ ਮਿਤੀ 13 ਮਾਰਚ 2025 ਤੱਕ ਅਪਲਾਈ ਕਰ ਸਕਦੇ ਹਨ। ਸਿਖਲਾਈ ਲੈਣ ਦੇ ਚਾਹਵਾਨ ਯੁਵਕ ਆਨ-ਲਾਈਨ ਅਪਲਾਈ ਕਰਕੇ ਦਸਤਾਵੇਜ ਜਿਵੇ ਕਿ ਪੰਜਾਬ ਪੁਲਿਸ ਲਈ ਆਨ ਲਾਈਨ ਅਪਲਾਈ ਫਾਰਮ ਦੀ ਫੋਟੋ ਕਾਪੀ, ਦਸਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਬਾਰਵੀਂ ਜਮਾਤ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, 02 ਪਾਸਪੋਰਟ ਸਾਈਜ਼ ਫੋਟੋ ਲੈ ਕੇ ਲੰਬੀ - ਬਠਿੰਡਾ ਮੇਨ ਰੋਡ ਤੇ ਪੈਂਦੇ ਪਿੰਡ ਕਾਲਝਰਾਣੀ ਵਿਖੇ ਨਿੱਜੀ ਤੌਰ ਤੇ ਕੈਂਪ ਵਿਖੇ ਮਿਤੀ 06 ਮਾਰਚ 2025 ਤੋਂ ਸਹੀ ਸਵੇਰੇ 09:00 ਵਜੇ ਪਹੁੰਚ ਕੇ ਸਿਖਲਾਈ ਲਈ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਇਸ ਤੋਂ ਇਲਾਵਾ ਕੈਂਪ ਕਾਲਝਰਾਣੀ ਵਿਖੇ ਆਰਮੀ ਅਗਨੀਵੀਰ ਦੀ ਭਰਤੀ ਦੀ ਤਿਆਰੀ ਵੀ ਚੱਲ ਰਹੀ ਹੈ। ਫਿਜੀਕਲ ਸਿਖਲਾਈ ਦੌਰਾਂਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਅਤੇ ਰਿਹਾਇਸ਼ ਮੁਫਤ ਦਿੱਤੀ ਜਾਵੇਗੀ। ਇਹ ਜਾਣਕਾਰੀ ਟ੍ਰੇਨਿੰਗ ਅਧਿਕਾਰੀ ਕੈਪਟਨ ਲਖਵਿੰਦਰ ਸਿੰਘ ਦੁਆਰਾ ਦਿੱਤੀ ਗਈ। ਵਧੇਰੇ ਜਾਣਕਾਰੀ ਲਈ 93167-13000, 94641-52013, 94638-31615 ਤੇ ਸੰਪਰਕ ਕੀਤਾ ਜਾ ਸਕਦਾ ਹੈ

ਐਸ.ਡੀ.ਐਮਜ ਨੇ ਲੋਕਾਂ ਨਾਲ ਮੀਟਿੰਗਾਂ ਕੀਤੀਆਂ, ਜਾਗਰੂਕਤਾ ਰੈਲੀਆਂ ਕੱਢੀਆਂ

ਲੁਧਿਆਣਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਨਸ਼ਿਆਂ ਵਿਰੁੱਧ ਜੰਗ ਤਹਿਤ ਲੁਧਿਆਣਾ ਦੇ ਉਪ ਮੰਡਲ ਮੈਜਿਸਟਰੇਟਾਂ ਨੇ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਲੋਕਾਂ ਨਾਲ ਰੂ-ਬ-ਰੂ ਹੁੰਦਿਆਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਉਨ੍ਹਾਂ ਦਾ ਭਰਪੂਰ ਸਹਿਯੋਗ ਲੈਣ ਤੋਂ ਇਲਾਵਾ ਜਾਗਰੂਕਤਾ ਰੈਲੀਆਂ ਕੱਢੀਆਂ ਅਤੇ ਓਟ ਕੇਂਦਰਾਂ ਦਾ ਦੌਰਾ ਵੀ ਕੀਤਾ।

ਮੀਟਿੰਗਾਂ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਐਸ.ਡੀ.ਐਮਜ਼ ਜਸਲੀਨ ਕੌਰ ਭੁੱਲਰ, ਪੂਨਮਪ੍ਰੀਤ ਕੌਰ, ਡਾ. ਬਲਜਿੰਦਰ ਸਿੰਘ ਢਿੱਲੋਂ, ਪਰਦੀਪ ਬੈਂਸ ਨੇ ਲੋਕਾਂ ਨੂੰ ਇਸ ਪ੍ਰੋਗਰਾਮ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਜਦੋਂ ਸਾਨੂੰ ਸਾਰਿਆਂ ਨੂੰ ਹੱਥ ਮਿਲਾਉਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਕੋਹੜ ਦਾ ਪੂਰੀ ਤਰ੍ਹਾਂ ਸਫਾਇਆ ਹੋ ਜਾਵੇ। ਉਹਨਾਂ ਦੱਸਿਆ ਕਿ ਇਹਨਾਂ ਲੋਕ ਮਿਲਣੀਆਂ ਦੇ ਆਯੋਜਨ ਦਾ ਮੂਲ ਮੰਤਵ ਲੋਕਾਂ ਨੂੰ ਇਸ ਨੇਕ ਕਾਰਜ ਲਈ ਪ੍ਰੇਰਿਤ ਕਰਨਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਨਸ਼ਾ ਵਿਰੋਧੀ ਮੁਹਿੰਮ ਦਾ ਸੁਨੇਹਾ ਜ਼ਿਲ੍ਹੇ ਦੇ ਕੋਨੇ-ਕੋਨੇ ਵਿੱਚ ਫੈਲਾਇਆ ਜਾਵੇ।

ਐਸ.ਡੀ.ਐਮਜ਼ ਨੇ ਆਸ ਪ੍ਰਗਟ ਕੀਤੀ ਕਿ ਜਿਸ ਤਰ੍ਹਾਂ ਬਹਾਦਰ, ਮਿਹਨਤੀ ਅਤੇ ਲਚਕੀਲੇ ਲੋਕਾਂ ਨੇ ਸੂਬੇ ਵਿੱਚੋਂ ਅੱਤਵਾਦ ਦੇ ਖਾਤਮੇ ਲਈ ਸਰਕਾਰ ਦਾ ਸਹਿਯੋਗ ਦਿੱਤਾ ਹੈ, ਉਸੇ ਤਰ੍ਹਾਂ ਉਨ੍ਹਾਂ ਦੇ ਸਰਗਰਮ ਸਹਿਯੋਗ ਨਾਲ ਨਸ਼ਿਆਂ ਦੀ ਅਲਾਮਤ ਨੂੰ ਵੀ ਜੜ੍ਹੋਂ ਪੁੱਟ ਦਿੱਤਾ ਜਾਵੇਗਾ।

ਐਸ.ਡੀ.ਐਮਜ਼ ਨੇ ਆਪਣੇ ਅਧਿਕਾਰ ਖੇਤਰ ਵਿੱਚ ਆਉਂਦੇ ਓਟ ਕੇਂਦਰਾਂ ਵਿੱਚ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਵੀ ਨਿਰੀਖਣ ਕੀਤਾ। ਉਨ੍ਹਾਂ ਮਰੀਜ਼ਾਂ ਅਤੇ ਸਟਾਫ਼ ਨਾਲ ਗੱਲਬਾਤ ਵੀ ਕੀਤੀ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਔਕੜ ਨੂੰ ਜਾਣਿਆ ਜਾ ਸਕੇ।

ਦੇਸ਼ ਦੇ ਰਾਸ਼ਟਰਪਤੀ ਦਾ ਬਠਿੰਡਾ ਦੌਰਾ 11 ਮਾਰਚ ਨੂੰ : ਡਿਪਟੀ ਕਮਿਸ਼ਨਰ

ਬਠਿੰਡਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਦੇ ਮਾਨਯੋਗ ਰਾਸ਼ਪਰਪਤੀ ਮੈਡਮ ਦ੍ਰੋਪਦੀ ਮੁਰਮੂ 11 ਮਾਰਚ ਨੂੰ ਬਠਿੰਡਾ ਦਾ ਦੌਰਾ ਕਰਨਗੇ। ਇਸ ਦੌਰਾਨ ਰਾਸ਼ਟਰਪਤੀ ਕੇਂਦਰੀ ਯੂਨੀਵਰਸਿਟੀ ਘੁੱਦਾ ਅਤੇ ਏਮਜ਼ ਦੀ ਕਨਵੋਕੇਸ਼ਨ 'ਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਰਾਸ਼ਟਰਪਤੀ ਜੀ ਦੀ ਆਮਦ ਦੇ ਮੱਦੇਨਜ਼ਰ ਅਗਾਊਂ ਤਿਆਰੀਆਂ ਸਬੰਧੀ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ ਸਾਂਝੀ ਕੀਤੀ।ਇਸ ਮੌਕੇ ਆਈ.ਜੀ.ਬਠਿੰਡਾ ਰੇਂਜ ਸ. ਹਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ, ਏ.ਆਈ.ਜੀ. ਸੀ.ਆਈ.ਡੀ. ਜੋਨ ਬਠਿੰਡਾ,ਅਵਨੀਤ ਕੌਰ ਸਿੱਧੂ ਤੋਂ ਇਲਾਵਾ ਏਅਰਫੋਰਸ, ਆਰਮੀ, ਏਮਜ਼ ਅਤੇ ਕੇਂਦਰੀ ਯੂਨੀਵਰਸਿਟੀ ਦੇ ਅਧਿਕਾਰੀ ਮੌਜੂਦ ਸਨ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਏਅਰਫੋਰਸ, ਆਰਮੀ, ਏਮਜ਼ ਅਤੇ ਕੇਂਦਰੀ ਯੂਨੀਵਰਸਿਟੀ ਦੇ ਅਧਿਕਾਰੀਆਂ ਨੂੰ ਕਿਹਾ ਕਿ ਮਾਨਯੋਗ ਰਾਸਪਰਪਤੀ ਜੀ ਦੀ ਆਮਦ ਸਬੰਧੀ ਆਪੋ-ਆਪਣੇ ਵਿਭਾਗਾਂ ਦੀਆਂ ਅਗਾਊਂ ਤਿਆਰੀਆਂ ਹੁਣ ਤੋਂ ਹੀ ਸ਼ੁਰੂ ਕਰ ਲਈਆਂ ਜਾਣ। ਉਨ੍ਹਾਂ ਇਹ ਵੀ ਕਿਹਾ ਕਿ ਤਿਆਰੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਢਿੱਲ-ਮੱਠ ਨਾ ਵਰਤੀ ਜਾਵੇ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਜੋ ਵੀ ਉਨ੍ਹਾਂ ਨੂੰ ਜਿੰਮਵਾਰੀਆਂ ਸੌਂਪੀਆਂ ਗਈਆਂ ਹਨ, ਉਨ੍ਹਾਂ ਨੂੰ ਸਮਾਂ ਰਹਿੰਦਿਆਂ ਮੁਕੰਮਲ ਕਰ ਲਿਆ ਜਾਵੇ।

ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸਬੰਧਤ ਰੂਟਾਂ ਦੀਆਂ ਸੜ੍ਹਕਾਂ ਦੀ ਮੁਰੰਮਤ ਅਤੇ ਦਰਖਤਾਂ ਦੀ ਜ਼ਰੂਰਤ ਅਨੁਸਾਰ ਸਿੰਗਾਈ, ਸਾਫ਼-ਸਫ਼ਾਈ, ਬਿਜਲੀ, ਪਾਣੀ, ਸੀਵਰੇਜ, ਸਿਹਤ ਵਿਭਾਗ ਦੀਆਂ ਟੀਮਾਂ, ਫਾਇਰ ਸੇਫ਼ਟੀ, ਟ੍ਰੈਫ਼ਿਕ, ਖਾਣ-ਪੀਣ ਆਦਿ ਲਈ ਸਾਰੇ ਲੋੜੀਂਦੇ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਰਿੰਦਰ ਸਿੰਘ ਧਾਲੀਵਾਲ, ਉਪ ਮੰਡਲ ਮੈਜਿਸਟ੍ਰੇਟ ਬਠਿੰਡਾ ਸ. ਬਲਕਰਨ ਸਿੰਘ ਮਾਹਲ, ਉਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਸ. ਹਰਜਿੰਦਰ ਸਿੰਘ ਜੱਸਲ, ਉਪ ਮੰਡਲ ਮੈਜਿਸਟ੍ਰੇਟ ਰਾਮਪੁਰਾ ਫੂਲ ਸ਼੍ਰੀ ਗਗਨਦੀਪ ਸਿੰਘ, ਉਪ ਮੰਡਲ ਮੈਜਿਸਟ੍ਰੇਟ ਮੌੜ ਸ਼੍ਰੀ ਸੁਖਰਾਜ ਸਿੰਘ ਤੋਂ ਇਲਾਵਾ ਇਲਾਵਾ ਏਅਰਫੋਰਸ, ਆਰਮੀ, ਏਮਜ਼ ਅਤੇ ਕੇਂਦਰੀ ਯੂਨੀਵਰਸਿਟੀ ਦੇ ਨੁਮਾਇੰਦਿਆਂ ਤੋਂ ਇਲਾਵਾ ਹੋਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

ਆਰਐੱਮਪੀਆਈ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਹਾਅ ਦਾ ਨਾਅਰਾ

ਰਤੀਆ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰਐੱਮਪੀਆਈ ਦੀ ਸੂਬਾ ਕਮੇਟੀ ਨੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਅਲੋਚਨਾ ਕੀਤੀ ਹੈ। ਸੂਬਾ ਸਕੱਤਰ ਤਜਿੰਦਰ ਸਿੰਘ ਰਤੀਆ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਇਕਾਈ ਨੂੰ ਕਿਸਾਨਾਂ ਦੀਆਂ ਮੰਗਾਂ ਲਈ 8 ਮਾਰਚ ਨੂੰ ਚੰਡੀਗੜ੍ਹ ਵਿੱਚ ਧਰਨਾ ਦੇਣਾ ਸੀ, ਜੋ ਕਿ ਲੋਕਤੰਤਰ ਵਿੱਚ ਸ਼ਾਂਤੀਪੂਰਵਕ ਢੰਗ ਨਾਲ ਕਿਸਾਨਾਂ ਦੇ ਬਕਾਏ ਦੀ ਅਦਾਇਗੀ ਲਈ ਕੀਤਾ ਜਾਣਾ ਸੀ, ਪਰ ਮਾਨ ਸਰਕਾਰ ਤਾਨਾਸ਼ਾਹੀ ਵਾਲੀ ਰਹੀ ਹੈ ਅਤੇ ਅੱਜ ਸਵੇਰ ਤੋਂ ਕਿਸਾਨਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਕਿਸਾਨਾਂ ਦੇ ਘਰਾਂ 'ਤੇ ਛਾਪੇ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ 'ਤੇ ਜ਼ੁਲਮ ਕਰ ਰਹੀ ਹੈ ਅਤੇ ਲੋਕਤੰਤਰ ਨੂੰ ਢਾਹ ਲਗਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਪੰਜਾਬ ਦੇ ਕਿਸਾਨਾਂ ਦੇ ਨਾਲ ਹੈ ਅਤੇ ਪੰਜਾਬ ਸਰਕਾਰ ਦੀ ਕਾਰਵਾਈ ਦੀ ਸਖ਼ਤ ਨਿੰਦਾ ਕਰਦੀ ਹੈ। ਇਸ ਮੌਕੇ ਉਨ੍ਹਾਂ ਹਰਿਆਣਾ ਦੇ ਆਮ ਲੋਕਾਂ ਨੂੰ ਲੋਕਤੰਤਰ ਨੂੰ ਬਚਾਉਣ ਅਤੇ ਸੰਵਿਧਾਨ ਤਹਿਤ ਵਿਰੋਧ ਪ੍ਰਦਰਸ਼ਨ ਅਤੇ ਧਰਨਾ ਦੇਣ ਦੇ ਅਧਿਕਾਰ ਨੂੰ ਬਚਾਉਣ ਲਈ ਕਿਸਾਨਾਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੋਟਾਂ ਵੇਲੇ ਲੋਕਾਂ ਦੇ ਮਸਲੇ ਹੱਲ ਕਰਨ ਅਤੇ ਕਿਸਾਨਾਂ ਦੇ ਹੱਕ ਵਿੱਚ ਆਵਾਜ਼ ਉਠਾਉਣ ਦੀ ਗੱਲ ਕਰਦੀ ਹੁੰਦੀ ਸੀ ਪਰ ਹੁਣ ਸੱਤਾ 'ਤੇ ਆ ਕੇ ਇਸ ਦੇ ਆਗੂ ਇਨ੍ਹਾਂ ਵਾਅਦਿਆਂ ਨੂੰ ਭੁੱਲ ਗਏ ਹਨ। ਇਸ ਮੌਕੇ ਆਜ਼ਾਦ ਸਿੰਘ ਮੀਰਾਂ, ਤਜਿੰਦਰ ਸਿੰਘ, ਜਸਪਾਲ ਖੁੰਡਨ, ਬਲਬੀਰ ਬਾਗੜੀ ਵੀ ਹਾਜ਼ਰ ਸਨ।

ਜਰਮਨੀ ਲਈ ਏਅਰਪੋਰਟ ਜਾਂਦੇ ਨੌਜਵਾਨ ਦੀ ਸੜਕ ਹਾਦਸੇ ਵਿੱਚ ਮੌ

ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦਾ ਵੱਡਾ ਫੈਸਲਾ: ਗਿਆਨੀ ਰਘਬੀਰ ਸਿੰਘ ਦੀਆਂ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਸੇਵਾਵਾਂ ਖ਼ਤਮ

ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਵੀ ਹਟਾਇਆ; ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖ਼ਤ ਦਾ ਕਾਰਜਕਾਰੀ ਤੇ ਤਖ਼ਤ ਕੇਸਗੜ੍ਹ ਸਾਹਿਬ ਦਾ ਜਥੇਦਾਰ ਲਾਇਆ; ਕਮੇਟੀ ਦਾ ਸਾਲਾਨਾ ਬਜਟ ਇਜਲਾਸ 28 ਨੂੰ ਸੱਦਿਆ

ਅੰਮ੍ਰਿਤਸਰ, 8 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿੱਚ ਅੱਜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਦੀਆਂ ਸੇਵਾਵਾਂ ਖਤਮ ਕਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਦਾ ਖੁਲਾਸਾ ਅੰਤਰਿੰਗ ਕਮੇਟੀ ਵਿੱਚ ਸ਼ਾਮਲ ਵਿਰੋਧੀ ਧਿਰ ਦੇ ਮੈਂਬਰ ਜਸਵੰਤ ਸਿੰਘ ਪੜੈਣ ਵੱਲੋਂ ਕੀਤਾ ਗਿਆ ਹੈ। ਉਂਝ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਸ੍ਰੀ ਹਰਿਮੰਦਰ ਸਾਹਿਬ ਵਿਚ ਕ੍ਰਮਵਾਰ ਹੈੱਡ ਗ੍ਰੰਥੀ ਤੇ ਗ੍ਰੰਥੀ ਵਜੋਂ ਆਪਣੀਆਂ ਸੇਵਾਵਾਂ ਜਾਰੀ ਰੱਖਣਗੇ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸ੍ਰੀ ਅਕਾਲ ਤਖਤ ਦਾ ਕਾਰਜਕਾਰੀ ਜਥੇਦਾਰ ਅਤੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦਾ ਜਥੇਦਾਰ ਨਿਯੁਕਤ ਕੀਤਾ ਗਿਆ ਹੈ। ਸੰਤ ਟੇਕ ਸਿੰਘ ਧਨੌਲਾ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਦਾ ਜਥੇਦਾਰ ਨਾਮਜ਼ਦ ਕੀਤਾ ਹੈ। ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਇਜਲਾਸ 28 ਮਾਰਚ ਨੂੰ ਸੱਦਿਆ ਗਿਆ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਅਸਤੀਫੇ ਦਾ ਮਾਮਲਾ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ।

ਵਿਲੀਅਮਜ਼ ਅਤੇ ਵਿਲਮੋਰ ਅਸੀਂ ਤੁਹਾਨੂੰ ਲੈਣ ਲਈ ਆ ਰਹੇ ਹਾਂ: ਟਰੰਪ

ਪੁਲਾੜ ਯਾਤਰੀਆਂ ਦੇ ਪੁਲਾੜ ਵਿੱਚ ਫਸੇ ਹੋਣ 'ਤੇ ਬਾਇਡਨ ਨੂੰ ਘੇਰਿਆ ਮਸਕ ਨੂੰ ਯਾਤਰੀਆਂ ਦੀ ਵਾਪਸੀ ਲਈ ਕਦਮ ਚੁੱਕਣ ਲਈ ਕਿਹਾ

ਨਿਊਯਾਰਕ/ਵਾਸ਼ਿੰਗਟਨ, 8 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਾਸਾ ਦੀ ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦੇ ਵਾਲਾਂ ਦੀ ਪ੍ਰਸ਼ੰਸਾ ਕੀਤੀ, ਜਦੋਂ ਉਨ੍ਹਾਂ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਫਸੇ ਪੁਲਾੜ ਯਾਤਰੀਆਂ ਦੀ ਜੋੜੀ ਸੁਨੀਤਾ ਵਿਲੀਅਮਜ਼ ਅਤੇ ਬੁੱਚ ਵਿਲਮੋਰ ਨੂੰ ਕਿਹਾ, "ਅਸੀਂ ਤੁਹਾਨੂੰ ਲੈਣ ਲਈ ਆ ਰਹੇ ਹਾਂ।" 78 ਸਾਲਾ ਟਰੰਪ ਨੇ ਵੀਰਵਾਰ ਨੂੰ ਪੁਲਾੜ ਯਾਤਰੀਆਂ ਵਿਲਮੋਰ ਅਤੇ ਵਿਲੀਅਮਜ਼ ਨੂੰ ਧਰਤੀ 'ਤੇ ਵਾਪਸ ਲਿਆਉਣ ਵਿੱਚ ਮਦਦ ਕਰਨ ਲਈ ਇੱਕ ਬਚਾਅ ਟੀਮ ਨੂੰ ਨਿੱਜੀ ਤੌਰ 'ਤੇ ਆਰਬਿਟ ਵਿੱਚ ਲਾਂਚ ਕਰਨ ਦੀ ਸੰਭਾਵਨਾ ਜ਼ਾਹਿਰ ਕੀਤੀ। ਉਨ੍ਹਾਂ ਉਨ੍ਹਾਂ ਦੇ ਅੱਠ ਦਿਨਾਂ ਦੇ ਮਿਸ਼ਨ ਨੂੰ ਨੌ ਮਹੀਨਿਆਂ ਤੱਕ ਲੰਮਾ ਹੋਣ 'ਤੇ ਸਾਬਕਾ ਰਾਸ਼ਟਰਪਤੀ ਜੋਅ ਬਾਇਡਨ ਦੀ ਨਿੰਦਾ ਕੀਤੀ।

ਟਰੰਪ ਨੇ ਓਵਲ ਦਫਤਰ ਵਿੱਚ ਪੱਤਰਕਾਰਾਂ ਨੂੰ ਕਿਹਾ, ਬਾਇਡਨ ਨੇ ਉਨ੍ਹਾਂ ਨੂੰ ਉੱਥੇ ਛੱਡ ਦਿੱਤਾ, ਮੈਂ ਐਲਨ ਮਸਕ ਨੂੰ ਕਿਹਾ ਹੈ ਸਾਡੇ ਕੋਲ ਦੋ ਪੁਲਾੜ ਯਾਤਰੀ ਹਨ ਜੋ ਪੁਲਾੜ ਵਿੱਚ ਫਸੇ ਹੋਏ ਹਨ। ਮੇਰੇ 'ਤੇ ਇੱਕ ਅਹਿਸਾਨ ਕਰੋ। ਕੀ ਤੁਸੀਂ ਉਨ੍ਹਾਂ ਨੂੰ ਬਾਹਰ ਕੱਢ ਸਕਦੇ ਹੋ ?" ਉਸਨੇ (ਮਸਕ) ਨੇ ਕਿਹਾ ਹਾਂ, ਉਹ ਦੋ ਹਫ਼ਤਿਆਂ ਵਿੱਚ ਪੁਲਾੜ ਜਾਣ ਲਈ ਜਹਾਜ਼ ਤਿਆਰ ਕਰ ਰਿਹਾ ਹੈ।

ਟਰੰਪ ਨੇ ਓਵਲ ਦਫ਼ਤਰ ਵਿੱਚ ਵਿਲੀਅਮਜ਼ ਬਾਰੇ ਗੱਲ ਕਰਦੇ ਹੋਏ ਟਿੱਪਣੀ ਦੌਰਾਨ ਕਿਹਾ ਮੈਂ ਉਸ ਔਰਤ ਨੂੰ ਚੰਗੇ, ਮਜ਼ਬੂਤ ??ਵਾਲਾਂ ਵਾਲੀ ਮਹਿਲਾ ਵਜੋਂ ਦੇਖਦਾ ਹਾਂ। ਇਸ ਵਿਚ ਕੋਈ ਮਜ਼ਾਕ ਨਹੀਂ ਹੈ, ਉਸਦੇ ਵਾਲ ਕੋਈ ਖੇਡ ਨਹੀਂ ਹਨ।" ਜਦੋਂ ਟਰੰਪ ਨੂੰ ਪੁੱਛਿਆ ਗਿਆ ਕਿ ਦੋਵਾਂ ਪੁਲਾੜ ਯਾਤਰੀਆਂ ਲਈ ਉਨ੍ਹਾਂ ਦਾ ਕੀ ਸੰਦੇਸ਼ ਹੈ ਤਾਂ ਟਰੰਪ ਨੇ ਕਿਹਾ, "ਅਸੀਂ ਤੁਹਾਨੂੰ ਪਿਆਰ ਕਰਦੇ ਹਾਂ, ਅਤੇ ਲੈਣ ਲਈ ਆ ਰਹੇ ਹਾਂ ਅਤੇ ਤੁਹਾਨੂੰ ਇੰਨੇ ਸਮੇਂ ਤੱਕ ਉੱਥੇ ਨਹੀਂ ਰਹਿਣਾ ਚਾਹੀਦਾ ਸੀ।"

ਮਸਕ ਨੇ ਐਕਸ 'ਤੇ ਇੱਕ ਪੋਸਟ ਵਿੱਚ ਕਿਹਾ, "ਪੁਲਾੜ ਯਾਤਰੀਆਂ ਨੂੰ ਸਿਰਫ਼ 8 ਦਿਨਾਂ ਲਈ ਉੱਥੇ ਹੋਣਾ ਚਾਹੀਦਾ ਸੀ ਪਰ ਉਹ 9 ਮਹੀਨਿਆਂ ਤੋਂ ਉੱਥੇ ਹਨ। ਸਪੇਸਐਕਸ ਇੱਕ ਹੋਰ ਡਰੈਗਨ ਭੇਜ ਸਕਦਾ ਸੀ ਅਤੇ ਉਨ੍ਹਾਂ ਨੂੰ 6 ਮਹੀਨੇ ਪਹਿਲਾਂ ਘਰ ਲਿਆ ਸਕਦਾ ਸੀ, ਪਰ ਬਾਇਡਨ ਵ੍ਹਾਈਟ ਹਾਊਸ (ਨਾਸਾ ਨਹੀਂ) ਨੇ ਇਸਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਰਾਸ਼ਟਰਪਤੀ ਟਰੰਪ ਨੇ ਉਨ੍ਹਾਂ ਨੂੰ ਜਲਦੀ ਤੋਂ ਜਲਦੀ ਵਾਪਸ ਲਿਆਉਣ ਲਈ ਕਿਹਾ ਅਤੇ ਅਸੀਂ ਅਜਿਹਾ ਕਰ ਰਹੇ ਹਾਂ।" ਜ਼ਿਕਰਯੋਗ ਹੈ ਕਿ ਸੁਨੀਤਾ ਵਿਲੀਅਮਜ਼ ਅਤੇ ਵਿਲਮੋਰ ਜੂਨ 2024 ਵਿੱਚ ਬੋਇੰਗ ਦੇ ਸਟਾਰਲਾਈਨਰ 'ਤੇ ISS ਲਈ ਅੱਠ ਦਿਨਾਂ ਦੇ ਮਿਸ਼ਨ 'ਤੇ ਪੁਲਾੜ ਵਿਚ ਗਏ ਸਨ। ਹਾਲਾਂਕਿ, ਹੀਲੀਅਮ ਲੀਕ ਅਤੇ ਥਰੱਸਟਰ ਖਰਾਬੀ ਸਮੇਤ ਤਕਨੀਕੀ ਕਾਰਨਾ ਕਰਕੇ ਸਟਾਰਲਾਈਨਰ ਦੀ ਵਾਪਸੀ ਨਹੀਂ ਹੋ ਸਕੀ।

ਰਾਹੁਲ ਗਾਂਧੀ ਦੋ ਰੋਜ਼ਾ ਫੇਰੀ ਲਈ ਅਹਿਮਦਾਬਾਦ ਪਹੁੰਚੇ

ਪਾਰਟੀ ਦੇ ਸੀਨੀਅਰ ਆਗੂਆਂ ਨਾਲ ਕਰਨਗੇ ਮੁਲਾਕਾਤ; ਏਆਈਸੀਸੀ ਦੇ 8-9 ਅਪਰੈਲ ਨੂੰ ਹੋਣ ਵਾਲੇ ਸੈਸ਼ਨ ਦੀਆਂ ਤਿਆਰੀਆਂ ਦਾ ਲੈਣਗੇ ਜਾਇਜ਼ਾ

ਰਾਹੁਲ ਗਾਂਧੀ ਅਹਿਮਦਾਬਾਦ ਵਿਚ ਕਾਂਗਰਸ ਦੇ ਹੈੱਡਕੁਆਰਟਰ 'ਚ ਪਹੁੰਚਦੇ ਹੋਏ।

ਅਹਿਮਦਾਬਾਦ, 8 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਆਗੂ ਰਾਹੁਲ ਗਾਂਧੀ ਦੋ ਰੋਜ਼ਾ ਗੁਜਰਾਤ ਦੌਰੇ ਲਈ ਸ਼ੁੱਕਰਵਾਰ ਸਵੇਰੇ ਅਹਿਮਦਾਬਾਦ ਪਹੁੰਚ ਗਏ ਹਨ। ਗਾਂਧੀ 2027 ਅਸੈਂਬਲੀ ਚੋਣਾਂ ਦੇ ਮੱਦੇਨਜ਼ਰ ਪਾਰਟੀ ਆਗੂਆਂ ਨਾਲ ਮੁਲਾਕਾਤ ਕਰਨਗੇ।

ਗਾਂਧੀ ਹਵਾਈ ਅੱਡੇ ਤੋਂ ਸ਼ਹਿਰ ਦੇ ਪਾਲਦੀ ਇਲਾਕੇ ਵਿਚ ਗੁਜਰਾਤ ਕਾਂਗਰਸ ਦੇ ਹੈੱਡਕੁਆਰਟਰ ਪਹੁੰਚੇ। ਪਾਰਟੀ ਨੇ ਇਕ ਬਿਆਨ ਵਿਚ ਕਿਹਾ ਕਿ ਗਾਂਧੀ ਨੇ ਗੁਜਰਾਤ ਕਾਂਗਰਸ ਦੇ ਸਾਬਕਾ ਪ੍ਰਧਾਨਾਂ ਸਣੇ ਸੀਨੀਅਰ ਪਾਰਟੀ ਆਗੂਆਂ ਨਾਲ ਮੁਲਾਕਾਤ ਕੀਤੀ। ਗਾਂਧੀ ਮਗਰੋਂ ਅਸੈਂਬਲੀ ਵਿਚ ਵਿਰੋਧੀ ਧਿਰ ਦੇ ਸਾਬਕਾ ਆਗੂਆਂ ਨੂੰ ਵੀ ਮਿਲੇ। ਗਾਂਧੀ ਬਾਅਦ ਦੁਪਹਿਰ ਸੂਬੇ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰਾਂ ਨੂੰ ਵੀ ਮਿਲਣਗੇ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪਿੱਤਰੀ ਰਾਜ ਗੁਜਰਾਤ ਵਿਚ 1995 ਤੋਂ ਭਾਜਪਾ ਦੀ ਸਰਕਾਰ ਹੈ। ਗਾਂਧੀ ਗੁਜਰਾਤ ਦੀ ਆਪਣੀ ਫੇਰੀ ਦੌਰਾਨ ਕਾਂਗਰਸ ਦੇ ਜ਼ਿਲ੍ਹਾ ਤੇ ਸ਼ਹਿਰੀ ਪ੍ਰਧਾਨਾਂ ਅਤੇ ਨਿਗਮਾਂ ਦੇ ਮੁਖੀਆਂ ਨੂੰ ਵੀ ਮਿਲਣਗੇ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਸ਼ਨਿੱਚਰਵਾਰ ਨੂੰ ਅਹਿਮਦਾਬਾਦ ਵਿਚ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਨਗੇ।

ਦੱਸ ਦੇਈਏ ਕਿ 64 ਸਾਲਾਂ ਬਾਅਦ ਆਲ ਇੰਡੀਆ ਕਾਂਗਰਸ ਕਮੇਟੀ (1933) ਦਾ ਸੈਸ਼ਨ 8-9 ਅਪਰੈਲ ਨੂੰ ਅਹਿਮਦਾਬਾਦ ਵਿਚ ਹੋਣਾ ਹੈ। ਪਾਰਟੀ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਮੰਗਲਵਾਰ ਨੂੰ ਗੁਜਰਾਤ ਫੇਰੀ ਦੌਰਾਨ ਮੀਟਿਗ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਸੀ। ਸਾਲ 2022 ਦੀਆਂ ਗੁਜਰਾਤ ਅਸੈਂਬਲੀ ਦੀਆਂ ਚੋਣਾਂ ਵਿਚ ਕਾਂਗਰਸ 182 ਵਿਚੋਂ 17 ਸੀਟਾਂ ਹੀ ਜਿੱਤ ਸਕੀ ਸੀ।

ਹਰਜੋਤ ਸਿੰਘ ਬੈਂਸ ਵੱਲੋਂ 161 ਸਰਕਾਰੀ ਸਕੂਲਾਂ ਦਾ 'ਬੈਸਟ ਸਕੂਲ ਐਵਾਰਡ' ਨਾਲ ਸਨਮਾਨ

ਚੰਡੀਗੜ੍ਹ, 8 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਸਰਕਾਰੀ ਸਕੂਲਾਂ ਦੇ ਪ੍ਰਦਰਸ਼ਨ ਨੂੰ ਹੋਰ ਬਿਹਤਰ ਕਰਨ ਅਤੇ ਮੁਕਾਬਲੇ ਦਾ ਹੁਨਰ ਪੈਦਾ ਕਰਨ ਲਈ ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਅੱਜ ਕੁੱਲ 11 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਨਾਲ 161 ਸਰਕਾਰੀ ਸਕੂਲਾਂ ਨੂੰ ਬੈਸਟ ਸਕੂਲ ਐਵਾਰਡ ਨਾਲ ਸਨਮਾਨਿਤ ਕੀਤਾ।

ਇੱਥੇ ਐਮ.ਸੀ. ਭਵਨ ਵਿਖੇ ਪੁਰਸਕਾਰ ਵੰਡ ਸਮਾਰੋਹ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸੈਸ਼ਨ 2023-24 ਲਈ 92 ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਅਤੇ ਸੈਸ਼ਨ 2024-25 ਲਈ 69 ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਸਨਮਾਨਿਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਹਰੇਕ ਪ੍ਰਾਇਮਰੀ ਸਕੂਲ ਨੂੰ 2.5 ਲੱਖ ਰੁਪਏ, ਹਰੇਕ ਮਿਡਲ ਸਕੂਲ ਨੂੰ 5 ਲੱਖ ਰੁਪਏ, ਹਰੇਕ ਹਾਈ ਸਕੂਲ ਨੂੰ 7.5 ਲੱਖ ਰੁਪਏ ਅਤੇ ਹਰੇਕ ਸੀਨੀਅਰ ਸੈਕੰਡਰੀ ਸਕੂਲਾਂ ਨੂੰ 10 ਲੱਖ ਰੁਪਏ ਨਕਦ ਇਨਾਮ ਨਾਲ ਸਨਮਾਨਿਤ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਦੀ ਚੋਣ ਨਿਰੋਲ ਮੈਰਿਟ ਦੇ ਆਧਾਰ 'ਤੇ ਕੀਤੀ ਗਈ ਹੈ, ਜੋ ਸਖ਼ਤ ਮਾਪਦੰਡਾਂ ਜਿਵੇਂ ਵਿਦਿਆਰਥੀਆਂ ਦੀ ਕਾਰਗੁਜ਼ਾਰੀ, ਹਾਜ਼ਰੀ, ਕਮਿਊਨਿਟੀ ਭਾਗੀਦਾਰੀ ਅਤੇ ਸਕੂਲਾਂ ਦੇ ਬੁਨਿਆਦੀ ਢਾਂਚੇ @ਤੇ ਕੇਂਦ੍ਰਤ ਹੈ।

ਸਾਰੇ ਪੁਰਸਕਾਰ ਜੇਤੂ ਸਕੂਲਾਂ ਨੂੰ ਦਿਲੋਂ ਵਧਾਈ ਦਿੰਦਿਆਂ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਇਹ ਸਕੂਲ ਸਿੱਖਿਆ ਦੇ ਖੇਤਰ ਵਿੱਚ ਉੱਤਮਤਾ ਹਾਸਲ ਕਰਨ ਲਈ ਹੋਰਨਾਂ ਸਕੂਲਾਂ ਵਾਸਤੇ ਰੋਲ ਮਾਡਲ ਸਾਬਤ ਹੋਣਗੇ। ਉਨ੍ਹਾਂ ਸਕੂਲ ਮੁਖੀਆਂ ਨੂੰ @ਆਪ@ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੁਆਰਾ ਲਿਆਂਦੀ ਗਈ ਵਿਦਿਅਕ ਕ੍ਰਾਂਤੀ ਵਿੱਚ ਤਬਦੀਲੀ ਦੇ ਉਤਪ੍ਰੇਰਕ ਵਜੋਂ ਕੰਮ ਕਰਨ ਲਈ ਵੀ ਕਿਹਾ।

ਭਾਰਤ ਨੂੰ ਹਵਾਲਗੀ ਖ਼ਿਲਾਫ਼ ਦਾਇਰ ਤਹੱਵੁਰ ਰਾਣਾ ਦੀ ਪਟੀਸ਼ਨ ਅਮਰੀਕੀ ਸੁਪਰੀਮ ਕੋਰਟ ਵੱਲੋਂ ਖਾਰਜ

ਨਿਊ ਯਾਰਕ, 8 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-

ਮੁੰਬਈ ਦਹਿਸ਼ਤੀ ਹਮਲੇ ਦੇ ਮੁਲਜ਼ਮ ਤਹੱਵੁਰ ਰਾਣਾ ਨੇ ਭਾਰਤ ਨੂੰ ਆਪਣੀ ਹਵਾਲਗੀ ਖਿਲਾਫ਼ ਦਾਇਰ ਪਟੀਸ਼ਨ ਅਮਰੀਕੀ ਸੁਪਰੀਮ ਕੋਰਟ ਵੱਲੋਂ ਰੱਦ ਕੀਤੇ ਜਾਣ ਮਗਰੋਂ ਚੀਫ਼ ਜਸਟਿਸ ਜੌਹਨ ਰੌਬਰਟਸ ਕੋਲ ਨਵੇਂ ਸਿਰੇ ਤੋਂ ਅਰਜ਼ੀ ਦਾਖ਼ਲ ਕੀਤੀ ਹੈ।

ਰਾਣਾ (64), ਜੋ ਪਾਕਿਸਤਾਨੀ ਮੂਲਕ ਦਾ ਕੈਨੇਡੀਅਨ ਨਾਗਰਿਕ ਹੈ, ਮੌਜੂਦਾ ਸਮੇਂ ਲਾਸ ਏਂਜਲਸ ਦੇ ਮੈਟਰੋਪਾਲਿਟਨ ਡਿਟੈਨਸ਼ਨ ਸੈਂਟਰ ਵਿਚ ਬੰਦ ਹੈ। ਰਾਣਾ ਨੇ 27 ਫਰਵਰੀ ਨੂੰ ਅਮਰੀਕਾ ਦੀ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਖ਼ਲ ਕਰਕੇ ਭਾਰਤ ਨੂੰ ਆਪਣੀ ਹਵਾਲਗੀ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ।



ਸੁਪਰੀਮ ਕੋਰਟ ਦੀ ਵੈੱਬਸਾਈਟ ਮੁਤਾਬਕ ਜਸਟਿਸ ਈਲੇਨਾ ਕਗਾਨ ਨੇ 6 ਮਾਰਚ ਨੂੰ ਰਾਣਾ ਦੀ ਪਟੀਸ਼ਨ ਖਾਰਜ ਕਰ ਦਿੱਤੀ। ਕੋਰਟ ਦੀ ਵੈੱਬਸਾਈਟ 'ਤੇ ਮੌਜੂਦ ਜਾਣਕਾਰੀ ਮੁਤਾਬਕ ਰਾਣਾ ਦੇ ਵਕੀਲਾਂ ਨੇ ਨਵੇਂ ਸਿਰੇ ਤੋਂ ਅਰਜ਼ੀ ਦਾਖ਼ਲ ਕਰਕੇ ਇਸ ਨੂੰ ਜਸਟਿਸ ਕਗਾਨ ਦੀ ਥਾਂ ਚੀਫ ਜਸਟਿਸ ਰੌਬਰਟਰਜ਼ ਅੱਗੇ ਰੱਖਣ ਦੀ ਗੁਜ਼ਾਰਿਸ਼ ਕੀਤੀ ਹੈ।

ਰਾਣਾ ਨੇ ਐਮਰਜੈਂਸੀ ਅਰਜ਼ੀ ਵਿੱਚ 'ਆਪਣੀ 13 ਫਰਵਰੀ ਦੀ ਪਟੀਸ਼ਨ ਦੇ ਗੁਣਾਂ ਦੇ ਆਧਾਰ 'ਤੇ ਭਾਰਤ ਨੂੰ ਆਪਣੀ ਹਵਾਲਗੀ ਉੱਤੇ ਰੋਕ ਲਗਾਉਣ ਦੀ ਮੰਗ ਕੀਤੀ ਸੀ।

ਚੇਤੇ ਰਹੇ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਮਹੀਨੇ ਵ੍ਹਾਈਟ ਹਾਊਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇੱਕ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਐਲਾਨ ਕੀਤਾ ਸੀ ਕਿ ਰਾਣਾ ਦੀ ਭਾਰਤ ਨੂੰ ਸਪੁਰਦਗੀ ਦੀ ਮਨਜ਼ੂਰੀ ਦੇ ਦਿੱਤੀ ਗਈ ਹੈ।

ਰਾਸ਼ਟਰੀ ਪਰਿਵਾਰਿਕ ਲਾਭ ਸਕੀਮ ਤਹਿਤ ਪਰਿਵਾਰਾਂ ਨੂੰ 20,000 ਰੁਪਏ ਦੀ ਵਿੱਤੀ ਸਹਾਇਤਾ : ਮੰਤਰੀ ਡਾ. ਬਲਜੀਤ ਕੌਰ

ਚੰਡੀਗੜ੍ਹ, 8 ਮਾਰਚ -ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਗਰੀਬ ਪਰਿਵਾਰਾਂ ਦੀ ਸਹਾਇਤਾ ਲਈ ਰਾਸ਼ਟਰੀ ਪਰਿਵਾਰਿਕ ਲਾਭ ਸਕੀਮ ਤਹਿਤ ਘਰ ਦੇ ਕਮਾਉ ਮੁੱਖੀ ਦੀ ਮੌਤ ਹੋ ਜਾਣ 'ਤੇ ਪਰਿਵਾਰ ਨੂੰ 20,000/- ਰੁਪਏ ਦੀ ਯੱਕ-ਮੁਸ਼ਤ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ।

ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਕਿਸੇ ਵੀ ਪ੍ਰਕਾਰ ਦੀ ਮੌਤ (ਕੁਦਰਤੀ ਜਾਂ ਹੋਰ ਕਾਰਨ ਕਰਕੇ) ਹੋਣ ਦੀ ਸਥਿਤੀ ਵਿੱਚ ਗਰੀਬ ਪਰਿਵਾਰ ਨਿਰਧਾਰਿਤ ਯੋਗਤਾਵਾਂ ਪੂਰੀ ਕਰਨ 'ਤੇ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਨੇ ਦੱਸਿਆ ਕਿ ਪਰਿਵਾਰ ਵਿੱਚ ਕੋਈ ਮਹਿਲਾ, ਜੋ ਘਰ ਦੀ ਆਮਦਨ ਦਾ ਸਰੋਤ ਹੋਵੇ, ਉਹ ਵੀ ਘਰ ਦੀ ਕਮਾਉ ਮੁੱਖੀ ਮੰਨੀ ਜਾਵੇਗੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਇਹ ਮਦਦ ਦਿੱਤੀ ਜਾਵੇਗੀ। ਇਸ ਸਕੀਮ ਅਧੀਨ ਪਰਿਵਾਰ ਸ਼ਬਦ ਵਿੱਚ ਪਤੀ-ਪਤਨੀ, ਛੋਟੇ ਬੱਚੇ, ਅਣ-ਵਿਆਹੀਆਂ ਲੜਕੀਆਂ, ਆਸ਼ਰਿਤ ਮਾਤਾ-ਪਿਤਾ ਕਵਰ ਹੋਣਗੇ। ਜੇਕਰ ਅਣਵਿਆਹੇ ਵਿਅਕਤੀ ਦੀ ਮੌਤ ਹੋ ਜਾਂਦੀ ਹੈ, ਤਾਂ ਉਸ ਦੇ ਪਰਿਵਾਰ ਵਿੱਚ ਛੋਟੇ ਭਰਾ/ਭੈਣ ਜਾਂ ਆਸ਼ਰਿਤ ਮਾਤਾ-ਪਿਤਾ ਨੂੰ ਇਹ ਸਹਾਇਤਾ ਮਿਲੇਗੀ।

ਇਹ ਵੀ ਜ਼ਿਕਰਯੋਗ ਹੈ

ਗਰਿਮਾਵਨ

ਜਿਸ ਦੇਸ਼ 'ਚ ਕਿਸਾਨ, ਮਜ਼ਦੂਰ ਭੁੱਖਾ ਮਰ ਰਿਹਾ ਹੈ, ਖ਼ੁਦਕੁਸ਼ੀਆਂ ਕਰ ਰਿਹਾ ਹੈ, ਉਸ ਦੇਸ਼ ਦੀ ਕਾਹਦੀ ਆਰਥਿਕ ਤਰੱਕੀ? ਇਹ ਵਰਤਾਰੇ ਮਾੜੀਆਂ ਨੀਤੀਆਂ ਦੇ ਸੰਕੇਤ ਹਨ...

ਕਿਸਾਨ, ਖੇਤੀ, ਪੰਜਾਬ ਅਤੇ ਸਰਕਾਰ

ਰਾਜਦੀਪ ਤੂਰ
ਮੋਬਾਈਲ 97803-00247

ਖੇਤੀ ਹੁਣ ਕਿਸਾਨਾਂ ਲਈ ਲਾਹੇਵੰਦ ਧੰਦਾ ਨਹੀਂ ਰਿਹਾ। ਮਹਿੰਗਿਆਂ ਖਾਦਾਂ, ਕੀੜੇਮਾਰ ਦਵਾਈਆਂ ਤੇ ਖੇਤੀ ਦੇ ਮਸ਼ੀਨੀਕਰਨ ਨੇ ਛੋਟੀ ਕਿਸਾਨੀ ਨੂੰ ਤਬਾਹੀ ਕੰਢੇ ਖੜ੍ਹਾ ਕਰ ਦਿੱਤਾ ਹੈ। ਛੋਟੇ ਕਿਸਾਨਾਂ ਤੋਂ ਉਨ੍ਹਾਂ ਦੀ ਜ਼ਮੀਨ ਵੱਧ ਭਾਅ ਦੇ ਲਾਲਚ ਵੱਸ, ਉਨ੍ਹਾਂ ਦੀਆਂ ਮਜਬੂਰੀਆਂ ਦਾ ਫ਼ਾਇਦਾ ਉਠਾ ਕੇ ਜਾਂ ਧੱਕੇ ਨਾਲ ਅਕੁਆਇਰ ਕਰ ਕੇ ਛੋਟੀ ਕਿਸਾਨੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਸਰਮਾਏ ਲੋਕ (ਕਾਰਪੋਰੇਟ ਲਾਬੀ) 1000-1000 ਏਕੜ ਦੇ ਫਾਰਮ ਬਣਾ ਕੇ ਵੱਡੇ ਪੱਧਰ 'ਤੇ ਖੇਤੀ ਕਰਨਗੇ। ਜਿਸ ਨਾਲ ਪੰਜਾਬ ਦੀ ਛੋਟੀ ਕਿਸਾਨੀ ਬਿਲਕੁਲ ਬਰਬਾਦ ਹੋ ਕੇ ਰਹਿ ਜਾਵੇਗੀ। ਵਿਕਾਸ ਫਿਰ ਅਮੀਰ ਵਰਗ ਦਾ ਹੀ ਹੋ ਰਿਹਾ ਹੈ ਤੇ ਗ਼ਰੀਬ ਹੋਰ ਗ਼ਰੀਬ ਹੁੰਦਾ ਜਾ ਰਿਹਾ ਹੈ। ਇਹ ਨੀਤੀਆਂ ਨੇ ਸਰਕਾਰ ਦੀਆਂ, ਜੋ ਹਮੇਸ਼ਾ ਹੀ ਸਰਮਾਏਦਾਰ ਲੋਕਾਂ ਦਾ ਪੱਖ ਪੂਰਦੀਆਂ ਰਹੀਆਂ ਹਨ।

ਪੰਜਾਬ ਦੀਆਂ ਵਾਹੀਯੋਗ ਜ਼ਮੀਨਾਂ ਖ਼ਰੀਦ ਕੇ 400-500 ਏਕੜ ਦੇ ਗੋਲਫ ਮੈਦਾਨ ਬਣਾਏ ਜਾ ਰਹੇ ਹਨ ਸਨਅਤਕਾਰਾਂ ਨੂੰ ਖੇਤੀਯੋਗ ਜ਼ਮੀਨ ਫੈਕਟਰੀਆਂ ਖੋਲ੍ਹਣ ਵਾਸਤੇ ਕਿਸਾਨਾਂ ਪਾਸੋਂ ਲੈ ਕੇ ਦਿੱਤੀ ਜਾ ਰਹੀ ਹੈ। ਇਹ ਕਿਹੜੇ ਵਰਗ ਦਾ ਵਿਕਾਸ ਹੈ? ਇਸ ਨਾਲ ਪੰਜਾਬ ਦੀ ਲੜਖੜਾਉਂਦੀ ਹੋਈ ਆਰਥਿਕਤਾ ਕਿਵੇਂ ਸਥਿਰ ਹੋਵੇਗੀ? ਪੰਜਾਬ ਇਕ ਖੇਤੀ ਪ੍ਰਧਾਨ ਸੂਬਾ ਹੈ, ਖੇਤੀ ਦੇ ਨਾਲ ਹੀ ਪੰਜਾਬ 'ਚ ਹੋਰ ਬਹੁਤ ਸਾਰੇ ਧੰਦੇ ਜੁੜੇ ਹੋਏ ਹਨ। ਖੇਤੀ ਪੰਜਾਬੀਆਂ ਦੀ ਆਰਥਿਕਤਾ ਦਾ ਧੁਰਾ ਹੈ। ਖੇਤੀਬਾੜੀ ਅਤੇ ਖੇਤੀ ਸਹਾਇਕ ਧੰਦਿਆਂ ਨਾਲ ਪੰਜਾਬ ਦੇ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ। ਖੇਤੀ ਪੰਜਾਬ ਦੇ ਲੋਕਾਂ ਦਾ ਵਿਰਾਸਤੀ ਧੰਦਾ ਹੈ। ਖੇਤੀ ਨਾਲ, ਜ਼ਮੀਨਾਂ ਨਾਲ ਪੰਜਾਬੀਆਂ ਦਾ, ਕਿਸਾਨਾਂ ਦਾ ਵਿਰਸਾ ਜ਼ਿੰਦਾ ਹੈ। ਖੇਤੀ ਨਾਲੋਂ ਟੁੱਟ ਕੇ ਪੰਜਾਬੀ ਆਪਣੀ ਵਿਰਾਸਤ ਨਾਲੋਂ ਟੁੱਟ ਜਾਣਗੇ। ਇਸ ਵਿਚ ਕੋਈ ਦੋ ਰਾਏ ਨਹੀਂ ਕਿ ਸਰਕਾਰ ਦੀਆਂ ਕਿਸਾਨੀ ਵਿਰੋਧੀ ਨੀਤੀਆਂ ਕਾਰਨ ਨਵੀਂ ਪੀੜ੍ਹੀ ਇਸ ਵੱਲੋਂ ਮੂੰਹ ਮੋੜਨ ਲੱਗੀ ਹੈ। ਮੇਰੇ ਵਿਚਾਰ ਤਰੱਕੀ ਦੇ ਖ਼ਿਲਾਫ਼ ਨਹੀਂ ਹਨ ਪਰ ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ, ਖੇਤੀਬਾੜੀ ਨਾਲ ਸਬੰਧਤ ਸਨਅਤਾਂ ਪੰਜਾਬ ਵਿਚ ਜ਼ਿਆਦਾ ਲੱਗਣੀਆਂ ਚਾਹੀਦੀਆਂ ਹਨ, ਤਾਂ ਜੋ ਖੇਤੀਬਾੜੀ ਦਾ ਧੰਦਾ ਕਿਸਾਨਾਂ ਲਈ ਲਾਹੇਵੰਦ ਹੋ ਸਕੇ। ਵਾਹੀਯੋਗ ਜ਼ਮੀਨ 'ਤੇ ਮਾਲ ਬਣਾਉਣ, ਗੋਲਫ ਗਰਾਊਂਡ ਬਣਾਉਣ ਜਾਂ ਹੋਰ ਇਸ ਕਿਸਮ ਦੀ ਵਰਤੋਂ 'ਤੇ ਰੋਕ ਲੱਗਣੀ ਚਾਹੀਦੀ ਹੈ। ਸਿਰਫ਼ ਅਮੀਰ ਵਰਗ ਦੀ ਤਰੱਕੀ ਨੂੰ ਹੀ ਕਿਸੇ ਦੇਸ਼ ਦੀ ਤਰੱਕੀ ਨਹੀਂ ਕਿਹਾ ਜਾ ਸਕਦਾ। ਤਰੱਕੀ ਦਾ ਹੇਠਲੇ ਪੱਧਰ 'ਤੇ ਜੀਵਨ ਬਸਰ ਕਰ ਰਹੇ ਲੋਕਾਂ ਨੂੰ ਵੀ ਫ਼ਾਇਦਾ ਮਿਲਣਾ ਚਾਹੀਦਾ ਹੈ। ਉਨ੍ਹਾਂ ਦਾ ਜੀਵਨ ਪੱਧਰ ਵੀ ਉੱਚਾ ਉੱਠਣਾ ਚਾਹੀਦਾ ਹੈ। ਉਨ੍ਹਾਂ ਨੂੰ ਵੀ ਲੋੜੀਂਦੀਆਂ ਮੁਢਲੀਆਂ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਜਿਸ ਦੇਸ਼ ਵਿਚ ਕਿਸਾਨ, ਮਜ਼ਦੂਰ ਭੁੱਖਾ ਮਰ ਰਿਹਾ ਹੈ, ਖ਼ੁਦਕੁਸ਼ੀਆਂ ਕਰ ਰਿਹਾ ਹੈ। ਉਸ ਦੇਸ਼ ਦੀ ਕਾਹਦੀ ਆਰਥਿਕ ਤਰੱਕੀ, ਕਾਹਦੀ ਵਿਕਾਸ ਦਰ, ਸਭ ਸ਼ੋਸ਼ੇਬਾਜ਼ੀਆਂ ਨੇ। ਕਿਸਾਨ, ਮਜ਼ਦੂਰ ਖ਼ੁਦਕੁਸ਼ੀਆਂ ਕਰ ਰਹੇ ਹਨ। ਮਹਿੰਗੇ ਹੋਟਲਾਂ ਚੋਂ, ਏਸੀ ਕਮਰਿਆਂ ਚੋਂ, ਲਗਜ਼ਰੀ ਗੱਡੀਆਂ ਚੋਂ, ਬਾਹਰ ਆ ਕੇ ਸਿਆਸੀ ਨੇਤਾਵਾਂ ਨੂੰ ਆਮ ਲੋਕਾਂ ਦੀ ਹਾਲਤ ਵੇਖਣੀ ਚਾਹੀਦੀ ਹੈ ਕਿ ਲੋਕ ਕਿਵੇਂ ਕੀੜ-ਮਕੌੜਿਆਂ ਵਰਗੀ ਜ਼ਿੰਦਗੀ ਬਸਰ ਕਰ ਰਹੇ ਹਨ।

ਪੰਜਾਬ ਦਿਨੋ-ਦਿਨ ਤਬਾਹੀ ਵੱਲ ਵਧ ਰਿਹਾ ਹੈ। ਕਣਕ-ਝੋਨੇ ਦੇ ਫ਼ਸਲੀ ਚੱਕਰ 'ਚੋਂ ਬਾਹਰ ਆਉਣ ਦਾ ਕੋਈ ਰਸਤਾ ਨਹੀਂ ਦਿਖਾਈ ਦੇ ਰਿਹਾ। ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋ-ਦਿਨ ਹੇਠਾਂ ਜਾ ਰਿਹਾ ਹੈ। ਪੁਰਾਣੇ ਬੋਰ ਪਾਣੀ ਛੱਡ ਰਹੇ ਹਨ। ਕਿਸਾਨਾਂ ਨੂੰ ਮਹਿੰਗੇ ਸਬਮਰਸੀਬਲ ਬੋਰ ਕਰਵਾਉਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਪੰਜਾਬ ਵਿਚ ਨਸ਼ਿਆਂ ਦਾ ਕਾਰੋਬਾਰ ਜ਼ੋਰਾਂ 'ਤੇ ਹੈ। ਛੋਟੇ ਕਿਸਾਨ, ਛੋਟੇ ਬੱਚੇ, ਨੌਜਵਾਨ, ਵਡੇਰੀ ਉਮਰ ਦੇ ਲੋਕ, ਇੱਥੋਂ ਤਕ ਕਿ ਨੌਜਵਾਨ ਲੜਕੀਆਂ ਵੀ ਨਸ਼ਿਆਂ ਵਿਚ ਬੁਰੀ ਤਰ੍ਹਾਂ ਜਕੜੇ ਜਾ ਚੁੱਕੇ ਹਨ। ਸਰਕਾਰ ਅਤੇ ਅਫ਼ਸਰਸ਼ਾਹੀ ਇਸ ਕਾਰੋਬਾਰ ਨੂੰ ਰੋਕਣ ਦੀ ਬਜਾਏ, ਵਗਦੀ ਹੋਈ ਸਿ ਗੰਗਾ ਵਿਚ ਹੱਥ ਧੋ ਰਿਹਾ ਹੈ। ਬੇਰੁਜ਼ਗਾਰੀ ਕਾਰਣ ਨੌਜਵਾਨ ਵਰਗ ਨਿਰਾਸ਼ਾ ਦੇ ਆਲਮ ਵਿਚ ਹੈ। ਜਿਨ੍ਹਾਂ ਕੋਲ ਸਮਰਥਾ ਹੈ, ਚੰਗੇ ਭਵਿੱਖ ਦੀ ਆਸ ਲਈ ਵਿਦੇਸ਼ਾਂ ਵੱਲ ਨੂੰ ਭੱਜ ਰਹੇ ਹਨ। ਜੋ ਸਮਰਥਾ ਨਹੀਂ ਰੱਖਦੇ, ਚਿੰਤਾਗ੍ਰਸਤ ਹੋ ਕੇ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ, ਲੁੱਟਾਂ-ਖੋਹਾਂ ਜਾਂ ਹੋਰ ਜੁਰਮਾਂ ਵਿਚ ਸ਼ਾਮਲ ਹੋ ਰਹੇ ਹਨ। ਲੋਕਾਂ ਨੂੰ ਆਪਣਾ ਪੇਟ ਪਾਲਣ ਲਈ ਇਨਸਾਨੀਅਤ ਤੋਂ ਗਿਰ ਕੇ ਕਈ ਤਰ੍ਹਾਂ ਦੇ ਕੰਮ ਕਰਨੇ ਪੈ ਰਹੇ ਹਨ। ਲੋਕ ਕੁੱਲੀ, ਗੁੱਲੀ, ਜੁੱਲੀ ਲਈ ਤਰਸ ਰਹੇ ਹਨ। ਪੰਜਾਬ ਕੈਂਸਰ, ਕਾਲਾ ਪੀਲੀਆ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਘਰ ਬਣ ਗਿਆ ਹੈ। ਇਲਾਜ ਏਨੇ ਮਹਿੰਗੇ ਹਨ ਕਿ ਹਰ ਕਿਸੇ ਵਿਚ ਸਮਰਥਾ ਨਹੀਂ। ਲੋਕ ਇਲਾਜ ਖੁਣੋਂ ਮਰ ਰਹੇ ਹਨ। ਜਿੱਥੇ ਦੁੱਧ ਦੀਆਂ ਨਦੀਆਂ ਵਗਦੀਆਂ ਸਨ, ਅੱਜ ਨਸ਼ਿਆਂ ਦੇ ਦਰਿਆ ਵਗ ਰਹੇ ਹਨ। ਸਾਡੇ ਦੇਸ਼ ਦੇ ਹਾਕਮ ਉੱਪਰਲੀ ਲਾਬੀ ਦੀ ਤਰੱਕੀ ਨੂੰ ਦੇਸ਼ ਦੇ ਵਿਕਾਸ ਦਾ ਨਾਂ ਦੇ ਰਹੇ ਹਨ। ਦੇਸ਼ ਦੇ ਆਮ ਨਾਗਰਿਕ, ਮਜ਼ਦੂਰ, ਕਿਸਾਨ ਦੀ ਨਿਘਰਦੀ ਹਾਲਤ ਉਨ੍ਹਾਂ ਨੂੰ ਨਜ਼ਰ ਹੀ ਨਹੀਂ ਆ ਰਹੀ।

ਸਾਡੇ ਦੇਸ਼ ਦੇ ਸਾਦਿਸਦਾਨ, ਅਰਥ-ਸ਼ਾਸ਼ਤਰੀ ਅਮਰੀਕਾ ਵਰਗੇ ਖੇਤੀ ਪਾਲਕ ਦੇਸ਼ ਦੇ ਪ੍ਰਸ਼ੰਸਕ ਹਨ ਪਰ ਸਾਡੇ ਦੇਸ਼ ਦੀਆਂ ਜ਼ਮੀਨੀ ਹਾਲਤਾਂ ਬਿਲਕੁਲ ਵੱਖਰੀਆਂ ਹਨ। ਇਸੇ ਕਰਕੇ ਕਿਸਾਨਾਂ ਦੀਆਂ ਮੁਸ਼ਕਿਲਾਂ 'ਚ ਵਾਧਾ ਹੋ ਰਿਹਾ ਹੈ। ਸਰਕਾਰ ਵੱਲੋਂ ਦਿੱਤੀਆਂ ਜਾਂਦੀਆਂ ਸਬਸਿਡੀਆਂ ਵੀ ਡੁੱਬਦੀ ਜਾ ਰਹੀ ਕਿਸਾਨੀ ਲਈ ਵੈਂਟੀਲੇਟਰ ਦਾ ਕੰਮ ਵੀ ਨਹੀਂ ਕਰ ਰਹੀਆਂ। ਮਰੀਜ਼ ਨੂੰ ਵੈਂਟੀਲੇਟਰ 'ਤੇ ਰੱਖਣ ਨਾਲੋਂ ਉਸ ਦੀ ਬਿਮਾਰੀ ਨੂੰ ਸਮਝ ਕੇ ਸਹੀ ਇਲਾਜ ਕੀਤਾ ਜਾਣਾ ਜ਼ਰੂਰੀ ਹੈ। ਲੋੜ ਹੈ ਪੰਜਾਬ ਦੇ ਖੇਤੀ ਖੇਤਰ ਨੂੰ, ਪੰਜਾਬ ਦੇ ਕਿਸਾਨ ਨੂੰ ਤਬਾਹੀ ਤੋਂ ਬਚਾਉਣ ਲਈ ਲੋੜੀਂਦੇ ਤੇ ਠੋਸ ਕਦਮ ਚੁੱਕਣ ਦੀ। •

ਰੁੱਖ ਤਾਂ ਦਾਤਾ ਹੈ

• ਇਬਲੀਸ
ਮੋਬਾਈਲ : 98143-98743

ਮਨੁੱਖ ਦਾ ਰੁੱਖ ਨਾਲ ਰਿਸ਼ਤਾ ਜਨਮ ਤੋਂ ਮੌਤ ਤਕ ਦਾ ਹੈ। ਮਨੁੱਖ ਤੇ ਹੋਰ ਜੀਵ ਜੰਤੂਆਂ ਨੂੰ ਜਿਉਂਦੇ ਰਹਿਣ ਲਈ ਸਾਫ਼ ਹਵਾ ਦੀ ਲੋੜ ਹੈ ਤੇ ਰੁੱਖਾਂ ਦੀ ਰੋਦ ਤੋਂ ਬਿਨ੍ਹਾ ਸਾਫ਼ ਹਵਾ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਰੁੱਖ ਪ੍ਰਿਥਵੀ ਦੇ ਫੇਫੜੇ ਹਨ ਪਰ ਅਫ਼ਸੋਸ ਕਿ ਮਨੁੱਖ ਨੇ ਰੁੱਖਾਂ ਦੀ ਅੰਨ੍ਹੇਵਾਹ ਕਟਾਈ ਕਰ ਕੇ ਆਪਣੀ ਹੀ ਸਾਹ ਰਗ 'ਤੇ ਆਰੀ ਫੇਰਨੀ ਸ਼ੁਰੂ ਕਰ ਦਿੱਤੀ ਹੈ। ਸਨਅਤੀ ਪ੍ਰਦੂਸ਼ਨ ਵਧ ਰਿਹਾ ਹੈ ਤੇ ਇਸ ਦੇ ਖ਼ਾਤਮੇ ਲਈ ਸਾਡੇ ਕੋਲ ਲੋੜੀਂਦੀ ਮਾਤਰਾ 'ਚ ਜੰਗਲ ਹੀ ਨਹੀਂ ਬਚੇ। ਅਸੀਂ ਵਿਰਿਆਨਕ ਘਾੜਤਾਂ ਲਈ ਕਾਰਖ਼ਾਨੇ ਤਾਂ ਸਥਾਪਿਤ ਕਰ ਲਏ ਪਰ ਵਡਮੁੱਲੀ ਆਕਸੀਜਨ ਤਿਆਰ ਕਰਨ ਵਾਲੇ ਇਨ੍ਹਾਂ ਕੁਦਰਤੀ ਕਾਰਖ਼ਾਨਿਆਂ ਨੂੰ ਖਤਮ ਕਰਨਾ ਸ਼ੁਰੂ ਕਰ ਦਿੱਤਾ। ਜੰਗਲਾਂ ਦੀ ਧੜਾਧੜ ਕਟਾਈ ਨਾਲ ਵਾਤਾਵਰਣ ਵਿਚਲੀਆਂ ਜ਼ਹਿਰੀਲੀਆਂ ਗੈਸਾਂ ਨੇ ਧਰਤੀ ਦੀ ਰੱਖਿਆਤਮਕ ਓਜ਼ੋਨ ਪਰਤ 'ਚ ਵੱਡਾ ਸੁਰਾਖ਼ ਕਰ ਦਿੱਤਾ ਹੈ। ਸੂਰਜ ਤੋਂ ਨਿਕਲਣ ਵਾਲੀਆਂ ਅਲਟਰਾ ਵਾਇਅਲਟ ਰੇਡੀਏਸ਼ਨਜ਼ ਨੂੰ ਸਾਡੇ ਤਕ ਪਹੁੰਚਣ ਤੋਂ ਰੋਕਣ 'ਚ ਰੁੱਖ ਸਹਾਈ ਹੁੰਦੇ ਹਨ ਪਰ ਸਾਡੇ ਕੋਲ ਇਹ ਰੱਖਿਆਤਮਕ ਕਵਚ ਹੀ ਨਹੀਂ ਹੈ। ਜਿਸ ਨਾਲ ਮਨੁੱਖ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਆਲਮੀ ਤਪਸ਼ ਵਧ ਰਹੀ ਹੈ। ਪਹਾੜਾਂ ਦੀਆਂ ਚੋਟੀਆਂ 'ਤੇ ਜੰਮੀ ਬਰਫ ਤੇਜ਼ੀ ਨਾਲ ਪਿਘਲਣੀ ਸ਼ੁਰੂ ਹੋ ਚੁੱਕੀ ਹੈ। ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਨੁਸਾਰ ਜੇ ਜੰਗਲਾਂ ਦੀ ਕਟਾਈ ਦੀ ਰਫ਼ਤਾਰ ਇਹੀ ਰਹੀ ਤਾ ਸੰਨ 2025 ਤਕ ਧਰਤੀ ਦਾ ਤਾਪਮਾਨ ਡਿਗਰੀ ਸੈਂਟੀਗਰੇਡ ਦਾ ਹੋਰ ਵਧ ਜਾਵੇਗਾ।

ਜੰਗਲਾਤ ਵਿਭਾਗ ਦੀ ਸਥਾਪਨਾ

ਸਾਲ 1864 ਵਿਚ ਭਾਰਤ ਸਰਕਾਰ ਵੱਲੋਂ ਜੰਗਲਾਤ ਵਿਭਾਗ ਦੀ ਸਥਾਪਨਾ ਕੀਤੀ ਗਈ। ਡਾ. ਬਰਾਂਡਿਸ ਫਾਰੈਸਟ ਵਿਭਾਗ ਦੇ ਪਹਿਲੇ ਇੰਸਪੈਕਟਰ ਜਨਰਲ ਬਣੇ। ਉਨ੍ਹਾਂ ਨੇ ਜੰਗਲਾਂ ਦੇ ਵਿਕਾਸ ਲਈ ਵਿਧੀਪੂਰਵਕ ਪ੍ਰਬੰਧ ਲਾਗੂ ਕੀਤੇ। 1865 ਵਿਚ 'ਇੰਡੀਅਨ ਫਾਰੈਸਟ ਐਕਟ' ਬਣਿਆ ਤੇ ਭਾਰਤ ਸਰਕਾਰ ਵਿਚ ਜੰਗਲਾਤ ਦੇ ਪ੍ਰਬੰਧਾਂ ਦੀ ਸਿਖਲਾਈ ਦਾ ਸਿਲਸਿਲਾ ਸ਼ੁਰੂ ਹੋਇਆ। 1873 ਵਿਚ ਇਸ ਐਕਟ 'ਚ ਪਹਿਲੀ ਵਾਰ ਸੋਧ ਹੋਈ। 1873 ਵਿਚ ਦੇਹਰਾਦੂਨ ਵਿਖੇ ਫਾਰੈਸਟ ਸਕੂਲ ਦੀ ਸਥਾਪਨਾ ਕੀਤੀ ਗਈ ਤੇ 1891 'ਚ ਪ੍ਰੀਵੈਂਸ਼ੀਅਲ ਫਾਰੈਸਟ ਸਰਵਿਸ ਵਾਸਤੇ ਕਾਲਜ ਦੀ ਸਥਾਪਨਾ ਕੀਤੀ ਗਈ। 1927 ਵਿਚ ਫਾਰੈਸਟ ਐਕਟ 'ਚ ਦੁਬਾਰਾ ਸੋਧ ਕੀਤੀ ਗਈ। ਇਹ ਐਕਟ ਦੇਸ਼ ਦੀ ਅਜ਼ਾਦੀ ਦੇ ਲੰਮੇ ਸਮੇਂ ਬਾਅਦ ਤਕ ਦੇਸ਼ 'ਚ ਲਾਗੂ ਰਿਹਾ।

ਇਕ ਰੁੱਖ ਸੌ ਸੁੱਖ

ਵਣ ਵਿਰਿਆਨੀਆਂ ਅਨੁਸਾਰ 50 ਸਾਲ ਦਾ ਇਕ ਰੁੱਖ ਇਨ੍ਹਾਂ ਵਰ੍ਹਿਆਂ ਵਿਚ ਲਗਪਗ 15 ਲੱਖ ਰੁਪਏ ਦਾ ਫ਼ਾਇਦਾ ਦਿੰਦਾ ਹੈ। 50 ਸਾਲ ਦਾ ਇਕ ਵੱਡਾ ਰੁੱਖ ਇਨ੍ਹਾਂ ਸਾਲਾਂ ਦੌਰਾਨ 2.5 ਲੱਖ ਰੁਪਏ ਦੀ ਲੱਕੜ ਦਿੰਦਾ ਹੈ। ਉਹ ਮਿੱਟੀ ਨੂੰ ਖੁਰਨ ਤੋਂ ਬਚਾਉਣ ਤੇ ਧਰਤੀ ਨੂੰ ਉਪਜਾਊ ਬਣਾਉਣ ਵਿਚ 2.5 ਲੱਖ ਰੁਪਏ ਦਾ ਯੋਗਦਾਨ ਪਾਉਂਦਾ ਹੈ। ਇਹ ਰੁੱਖ ਪਾਣੀ ਦੇ ਸੋਮਿਆਂ ਨੂੰ ਬਰਕਰਾਰ ਰੱਖਣ 'ਚ ਵੀ ਲਗਪਗ 2.5 ਲੱਖ ਰੁਪਏ ਦਾ ਯੋਗਦਾਨ ਦਿੰਦਾ ਹੈ। ਸ਼ਹਿਦ ਦੀਆਂ ਮੱਖੀਆਂ, ਪਰਿੰਦਿਆਂ ਤੇ ਹੋਰ ਜਨਵਰਾਂ ਦੀ ਖ਼ੁਰਾਕ ਤੇ ਰੱਖਿਆ ਦੇ ਰੂਪ 'ਚ 2.5 ਲੱਖ ਰੁਪਏ ਦਾ ਯੋਗਦਾਨ ਦਿੰਦਾ ਹੈ। ਪ੍ਰਦੂਸ਼ਿਤ ਹਵਾ ਸਾਫ਼ ਕਰ ਕੇ ਆਕਸੀਜਨ ਦੇ ਰੂਪ 'ਚ 50 ਸਾਲ ਦਾ ਵੱਡੇ ਆਕਾਰ ਦਾ ਇਕ ਰੁੱਖ 5 ਲੱਖ ਰੁਪਏ ਦਾ ਹਿੱਸਾ ਪਾਉਂਦਾ ਹੈ।

ਕੌਣ ਖਾ ਰਿਹੈ ਜੰਗਲਾਂ ਨੂੰ!

ਪੰਜਾਬ ਵਿਚ ਜੰਗਲਾਂ ਹੇਠ ਰਕਬਾ ਵਧਾਉਣ ਦੀ ਗੱਲ ਬੜੇ ਜ਼ੋਰਸ਼ੋਰ ਨਾਲ ਉਭਾਰੀ ਜਾਂਦੀ ਹੈ। ਜਿਸ ਜ਼ੋਰ ਨਾਲ ਜੰਗਲਾਂ ਦੇ ਵਾਧੇ ਦਾ ਨਾਅਰਾ ਲਗਾਇਆ ਜਾਂਦਾ ਹੈ ਉਸੇ ਰਫ਼ਤਾਰ ਨਾਲ ਇਨ੍ਹਾਂ ਹੇਠ ਰਕਬਾ ਘਟਦਾ ਜਾ ਰਿਹਾ ਹੈ। ਹਰ ਸਾਲ ਲੱਖਾਂ ਬੂਟੇ ਲਗਾਏ ਜਾਣ ਦੇ ਦਾਅਵੇ ਕੀਤੇ ਜਾਂਦੇ ਹਨ ਤੇ ਹਰ ਸਾਲ ਜੰਗਲਾਂ ਹੇਠ ਰਕਬਾ ਘਟ ਰਿਹਾ ਹੈ। ਬੀਤੇ ਦਸ ਸਾਲਾਂ ਦੌਰਾਨ ਜੰਗਲਾਂ ਦਾ ਲਗਪਗ ਇਕ ਤਿਹਾਈ ਹਿੱਸਾ ਗ਼ਾਇਬ ਹੋ ਚੁੱਕਾ ਹੈ। 'ਫਾਰੈਸਟ ਸਰਵੇ ਆਫ ਇੰਡੀਆ' ਦੀ ਇਕ ਰਿਪੋਰਟ ਦੀ ਜੰਗਲਾਂ ਹੇਠ ਘਟ ਰਹੇ ਰਕਬੇ ਨੂੰ ਤਸਦੀਕ ਕਰਦੀ ਹੈ। ਇਸ ਰਿਪੋਰਟ ਅਨੁਸਾਰ 2001 ਤੋਂ 2004 ਦੌਰਾਨ ਸੂਬੇ ਵਿਚ 855 ਵਰਗ ਕਿਲੋਮੀਟਰ ਜੰਗਲ ਗ਼ਾਇਬ ਹੋਏ। ਸੂਬੇ ਦੇ ਕੁੱਲ 2435 ਵਰਗ ਕਿਲੋਮੀਟਰ 'ਚ ਜੰਗਲ ਸੀ। ਇਸ ਵਿੱਚੋਂ ਸੰਘਣੇ ਜੰਗਲ 1550 ਵਰਗ ਕਿਲੋਮੀਟਰ 'ਚ ਅਤੇ 833 ਵਰਗ ਕਿਲੋਮੀਟਰ 'ਚ ਖੁਲ੍ਹੇ ਜੰਗਲ ਸਨ। ਇਸ ਰਿਪੋਰਟ ਅਨੁਸਾਰ ਸਾਲ 2005 ਵਿਚ ਸੂਬੇ ਚ ਮਾਤਰ 1580 ਵਰਗ ਕਿਲੋਮੀਟਰ ਇਲਾਕੇ 'ਚ ਜੰਗਲ ਹੈ। ਜ਼ਾਹਿਰ ਹੈ ਕਿ ਰੁੱਖ ਲਗਾਉਣ ਦੀਆਂ ਬਹੁਤੀਆਂ ਮੁਹਿਮਾਂ ਕਾਗਜ਼ਾਂ ਤਕ ਹੀ ਸੀਮਤ ਹਨ। ਇਨ੍ਹਾਂ ਜੰਗਲਾਂ ਉੱਪਰ ਲੱਕੜ ਮਾਫੀਆ ਦੀ ਵੀ ਅੱਖ ਰਹਿੰਦੀ ਹੈ, ਜੋ ਜੰਗਲਾਂ ਦੇ ਆਕਾਰ ਨੂੰ ਛੋਟਾ ਕਰਦੀ ਹੈ। ਕਿਸਾਨਾਂ ਦੁਆਰਾ ਫ਼ਸਲੀ ਰਹਿੰਦ-ਖੂੰਹਦ ਨੂੰ ਲਗਾਈ ਜਾਂਦੀ ਅੱਗ ਵੀ ਸੜਕਾਂ ਕਿਨਾਰੇ ਉੱਗੇ ਹਜ਼ਾਰਾਂ ਰੁੱਖਾਂ ਦਾ ਹਰ ਸਾਲ ਨਾਸ਼ ਕਰ ਦਿੰਦੀ ਹੈ। ਇਕ ਅਨੁਮਾਨ ਅਨੁਸਾਰ ਸੂਬੇ ਵਿਚ ਹਰ ਛਿਮਾਹੀ ਇਸ ਅੱਗ ਨਾਲ ਘੱਟੋ-ਘੱਟ 25 ਤੋਂ 30 ਹਜ਼ਾਰ ਛੋਟੇ-ਵੱਡੇ ਰੁੱਖ ਸੜ ਜਾਂਦੇ ਹਨ। ਜ਼ਮੀਨ ਮਾਫੀਆ ਵੱਲੋਂ ਵੀ ਜੰਗਲਾਂ ਨੂੰ ਅੱਗ ਲਾ ਕੇ ਇਨ੍ਹਾਂ ਹੇਠੋਂ ਰਕਬਾ ਕੱਢੇ ਜਾਣ ਦੇ ਯਤਨ ਕੀਤੇ ਜਾਂਦੇ ਰਹਿੰਦੇ ਹਨ। ਜੰਗਲਾਂ ਦੀ ਕਟਾਈ ਤੋਂ ਕਮਾਈ ਖਾਣ ਵਿਚ ਸਿਆਸੀ ਲੋਕ ਵੀ ਪਿੱਛੇ ਨਹੀਂ ਹਨ। ਆਪਣੀ ਪਸੰਦ ਦੇ ਅਧਿਕਾਰੀਆਂ ਨੂੰ ਆਪਣੇ ਰਸੂਖ ਨਾਲ ਮਨਪਸੰਦ ਇਲਾਕਿਆਂ 'ਚ ਤਾਇਨਾਤ ਕਰਵਾ ਕੇ ਉਨ੍ਹਾਂ ਦੀ ਮਿਲੀਭੁਗਤ ਨਾਲ ਜੰਗਲਾਂ ਦੀ ਕਟਾਈ ਦਾ ਠੇਕਾ ਵੀ ਆਪਣੇ ਮਨਪਸੰਦ ਠੇਕੇਦਾਰਾਂ ਨੂੰ ਦਿੱਤਾ ਜਾਂਦਾ ਹੈ। ਇਸ ਵਿਚ ਨਿਲਾਮੀ ਕੁਝ ਇਕ ਰੁੱਖਾਂ ਦੀ ਕਟਾਈ ਦੀ ਹੁੰਦੀ ਹੈ ਪਰ ਮਿਲੀਭੁਗਤ ਨਾਲ ਜਾਰੀ ਪਰਮਿਟ ਤੋਂ ਵੀ ਵਧੇਰੇ ਗਿਣਤੀ 'ਚ ਰੁੱਖ ਵੱਢੇ ਜਾਂਦੇ ਹਨ। ਠੇਕੇਦਾਰਾਂ, ਅਧਿਕਾਰੀਆਂ ਤੇ ਸਿਆਸੀ ਨੇਤਾਵਾਂ ਦਾ ਇਹ ਗੱਠਜੋੜ ਵੀ ਜ

ਪੰਜਾਬ, ਡਿਜੀਟਲ ਮਾਇਨਿੰਗ ਮੈਨੇਜਮੈਂਟ ਸਿਸਟਮ ਲਾਗੂ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣਿਆ: ਬਰਿੰਦਰ ਕੁਮਾਰ ਗੋਇਲ

ਪਟਿਆਲਾ, 8 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਮਾਈਨਿੰਗ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਦੀ ਮੌਜੂਦਗੀ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (IIT) ਰੋਪੜ ਨਾਲ ਮਾਈਨਿੰਗ ਅਤੇ ਭੂ-ਵਿਗਿਆਨ ਲਈ ਸੈਂਟਰ ਆਫ ਐਕਸੀਲੈਂਸ ਸਥਾਪਤ ਕਰਨ ਲਈ ਇੱਕ ਸਮਝੌਤਾ ਪੱਤਰ (ਸ਼ੰ") 'ਤੇ ਹਸਤਾਖਰ ਕੀਤੇ ਗਏ ਹਨ।

ਇਹ ਸੈਂਟਰ ਆਫ਼ ਐਕਸੀਲੈਂਸ ਪੰਜਾਬ ਵਿੱਚ ਮਾਈਨਿੰਗ ਗਤੀਵਿਧੀਆਂ ਦੇ ਵਿਗਿਆਨਕ ਮੁਲਾਂਕਣ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। SONAR ਅਤੇ LiDAR ਵਰਗੀਆਂ ਅਤਿ-ਆਧੁਨਿਕ ਤਕਨਾਲੋਜੀਆਂ ਦੀ ਵਰਤੋਂ ਕਰਕੇ, ਇਹ ਸੈਂਟਰ ਛੋਟੇ ਖਣਿਜਾਂ ਦੀ ਸਹੀ ਮਾਤਰਾ ਨਿਰਧਾਰਤ ਕਰਨ ਅਤੇ ਮਾਈਨਿੰਗ ਤੋਂ ਪਹਿਲਾਂ ਅਤੇ ਮਾਈਨਿੰਗ ਤੋਂ ਬਾਅਦ ਸਰਵੇਖਣ ਕਰਨ ਵਿੱਚ ਸਹਾਇਤਾ ਕਰੇਗਾ। ਇਸ ਤੋਂ ਇਲਾਵਾ, ਇਹ ਵਿਭਾਗ ਨੂੰ ਮਾਨਸੂਨ ਤੋਂ ਪਹਿਲਾਂ ਅਤੇ ਮਾਨਸੂਨ ਤੋਂ ਬਾਅਦ ਦੇ ਸਰਵੇਖਣ ਕਰਨ ਵਿੱਚ ਸਹਾਇਤਾ ਕਰੇਗਾ, ਜਿਸ ਨਾਲ ਦਰਿਆਵਾਂ ਦੇ ਤਲ ਅਤੇ ਮਾਈਨਿੰਗ ਸਥਾਨਾਂ ਦਾ ਵਿਆਪਕ ਮੁਲਾਂਕਣ ਯਕੀਨੀ ਬਣਾਇਆ ਜਾ ਸਕੇਗਾ।

ਕੈਬਿਨੇਟ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਪੰਜਾਬ ਡਿਜੀਟਲ ਮੈਨਿੰਗ ਮੈਨੇਜਮੈਂਟ ਸਿਸਟਮ ਲਾਗੂ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ। ਰੋਪੜ ਵਿਖੇ ਸਥਾਪਿਤ ਹੋਣ ਵਾਲੇ ਇਸ ਕੇਂਦਰ ਨਾਲ ਖਣਿਜ ਸਰੋਤਾਂ ਦੇ ਵਿਗਿਆਨਕ ਅਤੇ ਪਾਰਦਰਸ਼ੀ ਮੁਲਾਂਕਣ ਨੂੰ ਯਕੀਨੀ ਬਣਾ ਕੇ ਸਰਕਾਰੀ ਮਾਲੀਆ ਵਧਾਉਣ ਵਿੱਚ ਸਹਾਇਤਾ ਮਿਲੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਤਕਨੀਕੀ ਵਿਧੀਆਂ, ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਰੋਕਣ ਅਤੇ ਮਾਲੀਆ ਨੁਕਸਾਨ ਨੂੰ ਰੋਕਣ ਵਿੱਚ ਮਦਦ ਕਰਨਗੀਆਂ ਅਤੇ ਪੰਜਾਬ ਦੇ ਮਾਈਨਿੰਗ ਸੈਕਟਰ ਨੂੰ ਵਧੇਰੇ ਢਾਂਚਾਗਤ ਅਤੇ ਟਿਕਾਊ ਬਣਾਉਣ ਵਿੱਚ ਯੋਗਦਾਨ ਪਾਉਣਗੀਆਂ। ਨਿਗਰਾਨੀ ਤੋਂ ਇਲਾਵਾ, ਇਹ ਕੇਂਦਰ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਅਤੇ ਮਾਈਨ ਯੋਜਨਾਵਾਂ ਤਿਆਰ ਕਰਨ ਵਿੱਚ ਆਪਣੀ ਮੁਹਾਰਤ ਦਾ ਵਿਸਥਾਰ ਕਰੇਗਾ, ਜਿਸ ਨਾਲ ਵਿਭਾਗ ਨੂੰ ਮਾਈਨਿੰਗ ਕਾਰਜਾਂ ਨੂੰ ਸੁਚਾਰੂ ਬਣਾਉਣ ਵਿੱਚ ਸਹਾਇਤਾ ਮਿਲੇਗੀ।

ਕੈਬਿਨੇਟ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਇਹ ਮਾਈਨਿੰਗ ਅਧਿਕਾਰੀਆਂ, ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕਾਂ ਲਈ ਇਹ ਇਕ ਬਹੁਤ ਵੱਡਾ ਦਿਨ ਹੈ। ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਸੈਟਾਲਾਈਟ ਸਰਵੇ, ਡਰੋਨ ਸਰਵੇ ਅਤੇ ਗਰਾਊਂਡ ਸਰਵੇ ਕੀਤੇ ਜਾਣਗੇ। ਉਹਨਾਂ ਦੱਸਿਆ ਇਹ ਸਿਸਟਮ ਆਨਲਾਈਨ ਕੰਮ ਕਰੇਗਾ, ਹਰ ਰੋਜ਼ ਡਾਟਾ ਅਪਡੇਟ ਕੀਤਾ ਜਾਵੇਗਾ ਅਤੇ ਸਬੰਧਿਤ ਅਧਿਕਾਰੀਆਂ ਦੀ ਜਿੰਮੇਵਾਰੀ ਨਿਸ਼ਚਿਤ ਕੀਤੀ ਜਾਵੇਗੀ। ਇਸ ਸਮਝੌਤੇ ਰਾਹੀਂ ਜੋ ਡਾਟਾ ਮਿਲੇਗਾ ਉਸ ਨਾਲ ਮਾਈਨਿੰਗ ਵਾਲੀਆਂ ਥਾਵਾਂ ਤੋਂ ਪਤਾ ਲੱਗ ਸਕੇਗਾ ਕਿ ਕਿੰਨਾ ਰੇਤਾ ਕਾਨੂੰਨੀ ਅਤੇ ਗੈਰ ਕਾਨੂੰਨੀ ਵਿਧੀ ਰਾਹੀਂ ਚੁਕਿਆ ਗਿਆ ਹੈ। ਇਸ ਸਿਸਟਮ ਨਾਲ ਡੈਮਾਂ ਵਿਚ ਜਮਾਂ ਹੋਏ ਰੇਤੇ ਦਾ ਵੀ ਪਤਾ ਲਗਾਇਆ ਜਾ ਸਕੇਗਾ ਕਿ ਬਰਸਾਤ ਤੋਂ ਪਹਿਲਾਂ ਕਿੰਨੇ ਫੁੱਟ ਰੇਤਾ ਸੀ ਅਤੇ ਬਾਅਦ ਵਿਚ ਕਿੰਨੇ ਫੁੱਟ ਜਮਾ ਹੈ। ਇਸ ਸਿਸਟਮ ਤੋਂ ਇਹ ਵੀ ਜਾਣਕਾਰੀ ਮਿਲੇਗੀ ਕਿ ਕਿੰਨੀਆਂ ਖੱਡਾਂ ਵਿਚ ਕੰਮ ਚੱਲ ਰਿਹਾ ਹੈ ਤੇ ਕਿੰਨੀਆਂ ਖੱਡਾਂ ਵਿਚ ਗੈਰ ਕਾਨੂੰਨੀ ਮਾਈਨਿੰਗ ਕੀਤੀ ਜਾ ਰਹੀ ਹੈ। ਇਸ ਕੇਂਦਰ ਵਲੋਂ ਦਿੱਤਾ ਗਿਆ ਡਾਟਾ ਮੌਨਸੂਨ ਤੋਂ ਪਹਿਲਾ ਦਰਿਆਵਾਂ ਵਿਚਲੇ ਰੇਤੇ ਦਾ ਸਹੀ ਪ੍ਰਬੰਧ ਕਰਨ ਵਿਚ ਸਹਾਇਤਾ ਕਰੇਗਾ ਅਤੇ ਇਸ ਵਿਧੀ ਰਹੀ 20 -20 ਮੀਟਰ ਦੀ ਦੂਰੀ ਤੇ ਪਾਣੀ ਦੇ ਹੇਠਲੇ ਰੇਤੇ ਅਤੇ ਬਜ਼ਰੀ ਦਾ ਪਤਾ ਲਗਾਇਆ ਜਾ ਸਕੇਗਾ ਤਾਂ ਜੋ ਪਿੰਡਾਂ ਨੂੰ ਹੜ ਤੋਂ ਬਚਾਇਆ ਜਾ ਸਕੇ। ਜਿਹੜੇ ਡੈਮ ਦਰਿਆ ਪਹਿਲਾਂ ਹੜਾ ਦਾ ਕਾਰਨ ਅਤੇ ਲੋਕਾਂ ਲਈ ਮੁਸੀਬਤ ਬਣ ਦੇ ਸਨ ਹੁਣ ਇਹ ਪੰਜਾਬ ਦੇ ਲੋਕਾਂ ਲਈ ਵਰਦਾਨ ਅਤੇ ਸਾਧਨ ਬਣਨਗੇ। ਪਿੰਡਾਂ ਵਿਚ ਕੋਈ ਜਾਨੀ ਜਾ ਮਾਲੀ ਨੁਕਸਾਨ ਨਹੀਂ ਹੋਵੇਗਾ ਇਹ ਵਿਧੀ ਕਿਸਾਨਾਂ ਦੀਆਂ ਜਮੀਨਾਂ ਨੂੰ ਹੜ੍ਹਾਂ ਬਚਾਉਣ ਲਈ ਲਾਹੇਵੰਦ ਹੋਵੇਗੀ। ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਨਾਲ ਠੇਕੇਦਾਰਾਂ ਵੱਲੋਂ ਸਰਕਾਰ ਨਾਲ ਕੀਤੀ ਜਾਂਦੀ ਲੁੱਟ ਕਸੁਟ ਹੇਰਾ ਫ਼ੇਰੀ ਬਿਲਕੁਲ ਖ਼ਤਮ ਹੋ ਜਾਵੇਗੀ।

ਕੈਬਿਨੇਟ ਮੰਤਰੀ ਸ੍ਰੀ ਗੋਇਲ ਵਲੋਂ ਅਧਿਕਾਰੀਆਂ ਨੂੰ ਸਪਸ਼ਟ ਸ਼ਬਦਾਂ ਵਿਚ ਨਿਰਦੇਸ਼ ਦਿੱਤੇ ਗਏ ਹਨ ਕਿ ਇਹ ਸਿਰਫ ਕਾਗਜ਼ਾਂ ਤਕ ਹੀ ਸੀਮਤ ਨਾ ਰਹੇ। ਸਾਰੇ ਅਫ਼ਸਰ ਫੀਲਡ ਵਿਚ ਜਾ ਕੇ ਕੰਮ ਕਰਨ ਅਤੇ ਸਮੇਂ ਸਮੇਂ ਸਿਰ ਮੀਟਿੰਗਾਂ ਕਰਕੇ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਿਤਾ ਨਾਲ ਪੰਜਾਬ ਦੇ ਮਾਈਨਿੰਗ ਸੈਕਟਰ ਦਾ ਪ੍ਰਬੰਧ ਚਲਾਉਣ। ਮੰਤਰੀ ਜੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਬਿਪਤਾ ਵਿਚ ਪਾਏ ਲੋਕਾਂ ਨੂੰ ਬਾਹਰ ਕੱਢਣ ਲਈ ਇਹ ਇਕ ਅਹਿਮ ਸਮਝੌਤਾ ਹੈ। ਆਮ ਲੋਕਾਂ ਨੂੰ ਸਹੀ ਅਤੇ ਵਾਜਵ ਮੁੱਲ ਤੇ ਰੇਤਾ ਮੁਹਈਆ ਕਰਵਾਉਣ ਲਈ ਪੰਜਾਬ ਸਰਕਾਰ ਵਚਨਬੱਧ ਹੈ।

ਕੈਬਿਨੇਟ ਮੰਤਰੀ ਨੇ ਦੱਸਿਆ ਕਿ ਡਿਜੀਟਲ ਮਾਡੀਊਲ ਸਾਈਟਾਂ ਦੇ ਮੁਲਾਂਕਣ ਵਿਚ ਕੁਸ਼ਲਤਾ ਅਤੇ ਪਾਰਦਰਸ਼ਿਤਾ ਲਿਆਏਗਾ ਅਤੇ ਅਸਲ ਸਮੇਂ ਦੀ ਨਿਗਰਾਨੀ ਤੇ ਵਾਤਾਵਰਨ ਦੀ ਸੁਰੱਖਿਆ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਏਗਾ।

ਇਸ ਸਮੇਂ ਭੂ-ਵਿਗਿਆਨ ਸਕੱਤਰ ਸ਼੍ਰੀ ਗੁਰਕਿਰਤ ਕਿਰਪਾਲ ਸਿੰਘ, ਡਰੇਨੇਜ ਕਮ ਮਾਈਨਿੰਗ ਦੇ ਮੁੱਖ ਇੰਜੀਨੀਅਰ ਡਾ. ਹਰਿੰਦਰ ਪਾਲ ਸਿੰਘ ਬੇਦੀ ਅਤੇ ਸਾਰੇ ਜ਼ਿਲ੍ਹਾ ਮਾਈਨਿੰਗ ਅਧਿਕਾਰੀ, ਆਈਆਈਟੀ ਰੋਪੜ ਤੋਂ, ਡੀਨ ਸ਼੍ਰੀ ਸਾਰੰਗ ਗੁੰਫੇਕਰ ਅਤੇ ਪ੍ਰੋਫੈਸਰ ਡਾ. ਰੀਤ ਕਮਲ ਤਿਵਾੜੀ ਮੌਜੂਦ ਸਨ।

ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਦਾ ਦੂਜਾ ਪੜਾਅ ਸ਼ੁਰੂ ਹੋਇਆ

ਗੁਰਦਾਸਪੁਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ-2 ਸ਼ੁਰੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਹਰਜਿੰਦਰ ਸਿੰਘ ਬੇਦੀ, ਆਈ.ਏ.ਐੱਸ, ਵਧੀਕ ਡਿਪਟੀ ਕਮਿਸ਼ਨਰ(ਜ)-ਕਮ-ਸੀ.ਈ.ਓ. ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਦਾ ਮੁੱਖ ਉਦੇਸ਼ ਉਨ੍ਹਾਂ ਨੌਜਵਾਨਾਂ ਨੂੰ ਵੱਖ-ਵੱਖ ਕੰਪਨੀਆਂ ਵਿੱਚ ਇੰਟਰਨਸ਼ਿਪ ਕਰਵਾ ਕੇ ਰੋਜ਼ਗਾਰ ਦੇ ਯੋਗ ਬਣਾਉਣਾ ਹੈ। ਨੌਜਵਾਨ ਜੋ ਰੋਜ਼ਗਾਰ ਦੇ ਮੌਕੇ ਪ੍ਰਾਪਤ ਕਰਨਾ ਚਾਹੁੰਦੇ ਹਨ, ਉਹ https://pminternship.mca.gov.in/ ਵੈੱਬਸਾਈਟ ਤੇ ਜਾ ਕੇ ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਪੜਾਅ 2 ਦੇ ਤਹਿਤ ਅਪਲਾਈ ਕਰ ਸਕਦੇ ਹਨ । ਇੰਟਰਨਸ਼ਿਪ ਲਈ ਰਜਿਸਟਰੇਸ਼ਨ ਦੀ ਪ੍ਰਕਿਰਿਆ 12 ਮਾਰਚ 2025 ਤੱਕ ਪੋਰਟਲ 'ਤੇ ਸ਼ੁਰੂ ਹੈ। ਉਨ੍ਹਾਂ ਅੱਗੇ ਦੱਸਿਆ ਕਿ ਇਸ ਸਕੀਮ ਦਾ ਟੀਚਾ 5 ਸਾਲਾ ਵਿੱਚ ਚੋਟੀ ਦੀਆ 500 ਕੰਪਨੀਆਂ ਵਿੱਚ 1 ਕਰੋੜ ਨੌਜਵਾਨਾਂ ਨੂੰ ਇੰਟਰਨਸ਼ਿਪ ਦੇ ਮੌਕੇ ਪ੍ਰਦਾਨ ਕਰਨਾ ਹੈ। ਇਸ ਸਕੀਮ ਤਹਿਤ ਪ੍ਰਮੁੱਖ ਕੰਪਨੀਆਂ ਵਿੱਚ ਨੌਜਵਾਨਾਂ ਨੂੰ 12 ਮਹੀਨਿਆਂ ਲਈ ਵੱਖ-ਵੱਖ ਪੇਸ਼ਿਆਂ ਅਤੇ ਰੋਜ਼ਗਾਰ ਦੇ ਮੌਕਿਆਂ ਲਈ ਅਸਲ ਜੀਵਨ ਦੇ ਮਾਹੌਲ ਵਿੱਚ ਸਿਖਲਾਈ, ਅਨੁਭਵ ਅਤੇ ਹੁਨਰ ਹਾਸਲ ਕਰਨ ਦਾ ਮੌਕਾ ਪ੍ਰਦਾਨ ਕਰਨਾ ਹੈ ਜੋ ਪੜ੍ਹਾਈ ਅਤੇ ਉਦਯੋਗ ਦੀਆ ਲੋੜਾਂ ਵਿਚਕਾਰ ਗੈਪ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ ਅਤੇ ਪ੍ਰਾਰਥੀ ਦੀ ਰੋਜ਼ਗਾਰ ਯੋਗਤਾ ਨੂੰ ਵਧਾਉਣ ਵਿੱਚ ਸਹਾਇਤਾ ਕਰਦਾ ਹੈ।

ਵਧੀਕ ਡਿਪਟੀ ਕਮਿਸ਼ਨਰ ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਇੰਟਰਨਸ਼ਿਪ ਕਰਨ ਲਈ ਯੋਗਤਾ ਦਸਵੀਂ, ਬਾਰ੍ਹਵੀਂ, ਆਈ.ਟੀ.ਆਈ, ਡਿਪਲੋਮਾ ਅਤੇ ਗਰੈਜੂਏਸ਼ਨ ਪਾਸ ਹੈ ਅਤੇ ਉਮਰ 21 ਤੋਂ 24 ਸਾਲ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਪ੍ਰਾਰਥੀ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਸਰਕਾਰੀ ਕਰਮਚਾਰੀ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਸਾਲਾਨਾ ਆਮਦਨ 8 ਲੱਖ ਰੁਪਏ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਇਸ ਸਕੀਮ ਤਹਿਤ ਹਰ ਇੰਟਰਨਰ ਨੂੰ 5000/- ਰੁਪਏ ਮਹੀਨਾਵਾਰ ਮਾਣਭੱਤਾ ਸਰਕਾਰ ਵੱਲੋਂ ਦਿੱਤਾ ਜਾਵੇਗਾ। ਕੁੱਝ ਕੰਪਨੀਆਂ ਵੱਲੋਂ ਇੰਟਰਨਸ਼ਿਪ ਲਈ ਚੁਣੇ ਗਏ ਨੌਜਵਾਨਾਂ ਨੂੰ ਮਾਣਭੱਤਾ, ਰਿਹਾਇਸ਼ ਅਤੇ ਕੰਟੀਨ ਦੀ ਸੁਵਿਧਾ ਵੀ ਦਿੱਤੀ ਜਾ ਸਕਦੀ ਹੈ । ਜੋ ਸਿੱਖਿਆਰਥੀ/ਨੌਜਵਾਨ ਇਸ ਇੰਟਰਨਸ਼ਿਪ ਲਈ ਚੁਣੇ ਜਾਣਗੇ, ਉਨ੍ਹਾਂ ਨੂੰ ਸਰਕਾਰ ਵੱਲੋਂ ਪ੍ਰਧਾਨ ਮੰਤਰੀ ਜੀਵਨ ਜਯੋਤੀ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਤਹਿਤ ਬੀਮਾ ਕਵਰੇਜ ਵੀ ਪ੍ਰਦਾਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਗੁਰਦਾਸਪੁਰ ਵਿਖੇ ਇਸ ਸਕੀਮ ਅਧੀਨ 10ਵੀ, ਆਈ.ਟੀ.ਆਈ ਅਤੇ ਗ੍ਰੈਜੂਏਟ ਪਾਸ ਪ੍ਰਾਰਥੀਆਂ ਲਈ ਐੱਚ.ਡੀ.ਐੱਫ.ਸੀ. ਬੈਂਕ ਲਿਮਟਿਡ, ਜੁਬਲੀਐਂਟ ਫੂਡ ਵਰਕਸ, ਅਤੇ ਇੰਡੀਅਨ ਆਇਲ ਕਾਰਪੋਰੇਸ਼ਨ ਲਿਮਟਿਡ ਵਿੱਚ ਅਸਾਮੀਆਂ ਪ੍ਰਾਪਤ ਹੋਈਆ ਹਨ, ਇਸ ਲਈ ਉਕਤ ਯੋਗਤਾ ਵਾਲੇ ਪਾਸ ਆਊਟ ਅਤੇ ਡਰਾਪ ਆਊਟ ਯੋਗ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਸ ਸਕੀਮ ਦਾ ਲਾਭ ਉਠਾਉਣ ਲਈ https://pminternship.mca.gov.in/ ਵੈੱਬਸਾਈਟ ਤੇ ਜਾ ਕੇ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਰਜਿਸਟਰੇਸ਼ਨ ਬਿਲਕੁਲ ਮੁਫ਼ਤ ਹੈ।

ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਸ਼੍ਰੀ ਪਰਸ਼ੋਤਮ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਗੁਰਦਾਸਪੁਰ ਵਿਖੇ ਇਸ ਸਕੀਮ ਲਈ ਇੱਕ ਹੈਲਪ ਡੈਸਕ ਵੀ ਸਥਾਪਤ ਕੀਤਾ ਗਿਆ ਹੈ, ਜਿੱਥੇ ਆ ਕੇ ਪ੍ਰਾਰਥੀ ਆਪਣੇ ਆਪ ਨੂੰ ਇਸ ਸਕੀਮ ਤਹਿਤ ਰਜਿਸਟਰ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਪ੍ਰਾਰਥੀ ਇਸ ਦਫ਼ਤਰ ਦੇ ਹੈਲਪ ਲਾਈਨ ਨੰਬਰ 9478727217 ਤੇ ਸੰਪਰਕ ਕਰ ਸਕਦੇ ਹਨ ਜਾਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਕਮਰਾ ਨੰਬਰ 217, ਬਲਾਕ -ਬੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਵਿਖੇ ਨਿੱਜੀ ਤੌਰ ਤੇ ਆ ਕੇ ਜਾਣਕਾਰੀ ਹਾਸਲ ਕਰ ਸਕਦੇ ਹਨ।

ਸ਼੍ਰੋਮਣੀ ਅਕਾਲੀ ਦਲ ਵੱਲੋਂ ਪੰਜਾਬ ਵਿੱਚ ਵਧ ਰਹੇ ਨਸ਼ਾ ਵਪਾਰ ਲਈ ਆਪ ਮੰਤਰੀ ਤਰਨਪ੍ਰੀਤ ਸੌਂਦ ਨੂੰ ਘੇਰਿਆ

ਆਪ ਦੀ ਨਸ਼ੇ 'ਤੇ ਨਾਕਾਮੀ ਦੇ ਸਵਾਲ ਦੇ ਜਵਾਬ ਦੇਣ ਦੀ ਬਜਾਏ ਮੰਤਰੀ ਭੱਜ ਗਿਆ: ਸਰਬਜੀਤ ਝਿੰਜਰ

ਫਤਹਿਗੜ੍ਹ ਸਾਹਿਬ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਇੱਕ ਵਫਦ ਨੇ, ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਜ਼ਿਲ੍ਹਾ ਪ੍ਰਧਾਨ ਚਰਨਜੀਤ ਸਿੰਘ ਚਨਾਰਥਲ ਦੀ ਅਗਵਾਈ ਹੇਠ, ਅੱਜ ਆਮ ਆਦਮੀ ਪਾਰਟੀ ਦੇ ਮੰਤਰੀ ਤਰਨਪ੍ਰੀਤ ਸਿੰਘ ਸੌਂਦ ਨੂੰ ਫਤਿਹਗੜ੍ਹ ਸਾਹਿਬ ਦੌਰੇ ਦੌਰਾਨ ਘੇਰਿਆ ਅਤੇ ਪੰਜਾਬ ਵਿੱਚ ਵਧ ਰਹੇ ਨਸ਼ਾ ਵਪਾਰ ਨੂੰ ਰੋਕਣ ਵਿੱਚ ਉਹਨਾਂ ਦੀ ਸਰਕਾਰ ਦੀ ਅਸਫਲਤਾ 'ਤੇ ਉਨ੍ਹਾਂ ਨੂੰ ਜਵਾਬਦੇਹ ਬਣਾਉਣ ਦੀ ਕੋਸ਼ਿਸ਼ ਕੀਤੀ।

ਤਰਨਪ੍ਰੀਤ ਸੌਂਦ, ਜੋ ਪੰਜਾਬ ਵਿੱਚ ਨਸ਼ਾ ਵਿਰੋਧੀ ਮੁਹਿੰਮ ਦੀ ਨਿਗਰਾਨੀ ਲਈ ਬਣਾਈ ਗਈ ਉਪ-ਕਮੇਟੀ ਦੇ ਮੈਂਬਰ ਵੀ ਹਨ, ਬਚਤ ਭਵਨ, ਫਤਿਹਗੜ੍ਹ ਸਾਹਿਬ ਵਿੱਚ ਇਕ ਮੀਟਿੰਗ ਕਰ ਰਹੇ ਸਨ, ਜਦੋਂ ਅਕਾਲੀ ਦਲ ਦੇ ਆਗੂ ਉਨ੍ਹਾਂ ਨੂੰ ਸਵਾਲ ਪੁੱਛਣ ਪਹੁੰਚੇ। ਪਰ, ਸਰਕਾਰ ਦੇ ਹੁਕਮ 'ਤੇ ਪੁਲਿਸ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਮੰਤਰੀ ਨੂੰ ਆਹਮਣੇ ਸਾਹਮਣੇ ਸਵਾਲ ਪੁੱਛਣ ਨਹੀਂ ਦਿੱਤਾ।

ਯੂਥ ਅਕਾਲੀ ਦਲ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਮੰਤਰੀ ਦੇ ਭੱਜਣ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, ਅਸੀਂ ਤਰਨਪ੍ਰੀਤ ਸੌਂਦ ਨੂੰ ਪੰਜਾਬ ਵਿੱਚ ਵਧ ਰਹੇ ਨਸ਼ੇ 'ਤੇ ਸਰਕਾਰ ਦੀ ਨਾਕਾਮੀ ਬਾਰੇ ਬੜੀ ਸ਼ਾਂਤੀ ਅਤੇ ਹਲੀਮੀ ਨਾਲ ਸਵਾਲ ਪੁੱਛਣਾ ਚਾਹੁੰਦੇ ਸੀ, ਪਰ ਉਹ ਸਾਡੇ ਸਵਾਲਾਂ ਤੋਂ ਡਰ ਕੇ ਭੱਜ ਗਿਆ।

ਉਨ੍ਹਾਂ ਨੇ ਅੱਗੇ ਕਿਹਾ, ÷ਪਿਛਲੇ ਤਿੰਨ ਸਾਲਾਂ ਵਿੱਚ, ਆਮ ਆਦਮੀ ਪਾਰਟੀ ਸਰਕਾਰ ਨੇ ਬਾਰ ਬਾਰ ਨਸ਼ੇ ਵਿਰੁੱਧ ਮੁਹਿੰਮ ਚਲਾਉਣ ਦਾ ਸਿਰਫ ਢੋਂਗ

ਕੀਤਾ ਹੈ, ਪਰ ਨਸ਼ਾ ਘਟਣ ਦੀ ਬਜਾਏ ਬੇਹੱਦ ਵੱਧ ਗਿਆ ਹੈ। ਪਹਿਲਾਂ ਉਨ੍ਹਾਂ ਨੇ ਦਾਅਵਾ ਕੀਤਾ ਸੀ ਕਿ ਸਰਕਾਰ ਬਣਨ ਦੇ ਛੇ ਮਹੀਨੇ ਵਿੱਚ ਨਸ਼ਾ ਮੁਕਾਉਣਗੇ, ਪਰ ਤਿੰਨ ਸਾਲ ਬਾਅਦ ਵੀ ਜਮੀਨੀ ਪੱਧਰ 'ਤੇ ਕੋਈ ਅਸਲ ਕਾਰਵਾਈ ਨਹੀਂ ਹੋਈ।÷

ਸਰਬਜੀਤ ਝਿੰਝਰ ਨੇ ਅੱਗੇ ਕਿਹਾ, ਮੰਤਰੀ ਭਾਵੇਂ ਸਾਡੇ ਸਵਾਲਾਂ ਤੋਂ ਭੱਜ ਗਿਆ ਹੋਵੇ, ਪਰ ਹੁ

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਸਬ ਰਜਿਸਟਰਾਰ ਦਫ਼ਤਰ ਪਟਿਆਲਾ ਦਾ ਦੌਰਾ

ਲੋਕਾਂ ਨੂੰ ਰਜਿਸਟਰੀਆਂ ਕਰਵਾਉਣ 'ਚ ਨਹੀਂ ਆਵੇਗੀ ਕੋਈ ਪ੍ਰੇਸ਼ਾਨੀ

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸਬ ਰਜਿਸਟਰਾਰ ਦਫ਼ਤਰ ਦਾ ਨਿਰੀਖਣ ਕਰਦੇ ਹੋਏ।

ਪਟਿਆਲਾ, 8 ਮਾਰਚ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਰਜਿਸਟਰਾਰ ਡਾ. ਪ੍ਰੀਤੀ ਯਾਦਵ ਨੇ ਅੱਜ ਸਬ ਰਜਿਸਟਰਾਰ ਦਫ਼ਤਰ ਪਟਿਆਲਾ ਦਾ ਸਵੇਰ ਸਮੇਂ ਅਚਾਨਕ ਦੌਰਾ ਕੀਤਾ ਅਤੇ ਆਪਣੀਆਂ ਜਮੀਨ ਜਾਇਦਾਦ ਦੀਆਂ ਰਜਿਸਟਰੀਆਂ ਕਰਵਾਉਣ ਲਈ ਆਏ ਲੋਕਾਂ ਨਾਲ ਗੱਲਬਾਤ ਕੀਤੀ।

ਇਸ ਮੌਕੇ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਜ਼ਿਲ੍ਹੇ ਵਿੱਚ ਜਮੀਨ ਜਾਇਦਾਦਾਂ ਦੀਆਂ ਰਜਿਸਟਰੀਆਂ ਕਰਨ ਲਈ ਅਧਿਕਾਰੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ ਤੇ ਪਟਿਆਲਾ ਸਬ ਰਜਿਸਟਰਾਰ ਦਫ਼ਤਰ ਵਿਖੇ ਰਜਿਸਟਰੀਆਂ ਦਾ ਕੰਮ ਨਿਰਵਿਘਨ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਬ ਰਜਿਸਟਰਾਰ ਦਫ਼ਤਰ ਵਿੱਚ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਖੱਜਲ ਖੁਆਰ ਨਹੀਂ ਹੋਣ ਦਿੱਤਾ ਜਾਵੇਗਾ।

ਪਟਿਆਲਾ ਸਬ ਰਜਿਸਟਰਾਰ ਦਫ਼ਤਰ ਵਿਖੇ ਆਪਣੀਆਂ ਜਮੀਨਾਂ ਤੇ ਪਲਾਟਾਂ ਆਦਿ ਦੀਆਂ ਰਜਿਸਟਰੀਆਂ ਕਰਵਾਉਣ ਆਏ ਲੋਕਾਂ ਨੇ ਰਜਿਸਟਰੀਆਂ ਦਾ ਕੰਮ ਸ਼ੁਰੂ ਹੋਣ 'ਤੇ ਕਾਫ਼ੀ ਰਾਹਤ ਮਹਿਸੂਸ ਕੀਤੀ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਸਰਕਾਰ ਵੱਲੋਂ ਲਏ ਤੁਰੰਤ ਫ਼ੈਸਲੇ ਦੀ ਸ਼ਲਾਘਾ ਕੀਤੀ।

ਗਾਜੀਪੁਰ, ਸ਼ੰਭੂ ਕਲਾਂ, ਮਸੀਂਗਣ ਤੇ ਗੁਲਾਹੜ 'ਚ ਲੱਗੇ ਜਨ ਸੁਵਿਧਾ ਕੈਂਪਾਂ ਦਾ ਲੋਕਾਂ ਨੇ ਲਾਭ ਲੈਂਦਿਆਂ ਪ੍ਰਾਪਤ ਕੀਤੀਆਂ ਸਰਕਾਰੀ ਸੇਵਾਵਾਂ

ਲੋਕਾਂ ਦੀਆਂ ਸ਼ਿਕਾਇਤਾਂ ਸੁਣਕੇ ਮੌਕੇ 'ਤੇ ਮਸਲੇ ਕੀਤੇ ਹੱਲ ਤੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਤੋਂ ਕਰਵਾਇਆ ਜਾਣੂ

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਵਿਸ਼ੇਸ਼ ਪਹਿਲਕਦਮੀ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਅੱਜ ਜ਼ਿਲ੍ਹੇ ਵਿੱਚ ਤਿੰਨ ਥਾਵਾਂ 'ਤੇ ਜਨ ਸੁਵਿਧਾ ਕੈਂਪ ਲਗਾਏ ਗਏ। ਸਮਾਣਾ ਬਲਾਕ ਦੇ ਪਿੰਡ ਗਾਜੀਪੁਰ, ਰਾਜਪੁਰਾ ਸਬ ਡਵੀਜਨ 'ਚ ਸ਼ੰਭੂ ਕਲਾਂ, ਦੂਧਨਸਾਧਾਂ ਸਬ ਡਵੀਜਨ 'ਚ ਮਸੀਂਗਣ ਅਤੇ ਪਾਤੜਾਂ ਨੇੜੇ ਪਿੰਡ ਗੁਲਾਹੜ ਵਿਖੇ ਲਗਾਏ ਇਨ੍ਹਾਂ ਕੈਂਪਾਂ ਵਿੱਚ ਜ਼ਿਲ੍ਹਾ ਅਧਿਕਾਰੀਆਂ ਨੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਇਨ੍ਹਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਦਿਆਂ ਲੋਕਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਪ੍ਰੇਰਿਤ ਕੀਤਾ।

ਪਟਿਆਲਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਨ ਸੁਵਿਧਾ ਕੈਂਪ ਮੌਕੇ ਲੋਕਾਂ ਨੂੰ ਮਿਲਦੇ ਹੋਏ ਐਸ.ਡੀ.ਐਮਜ ਤੇ ਹੋਰ ਅਧਿਕਾਰੀ।

ਬਲਾਕ ਸਮਾਣਾ ਦੇ ਪਿੰਡ ਗਾਜੀਪੁਰ ਵਿਖੇ ਐਸ.ਡੀ.ਐਮ. ਸਮਾਣਾ ਤਰਸੇਮ ਚੰਦ, ਪਾਤੜਾਂ ਦੇ ਪਿੰਡ ਗੁਲਾਹੜ ਵਿਖੇ ਐਸ.ਡੀ.ਐਮ ਅਸ਼ੋਕ ਕੁਮਾਰ, ਮਸੀਂਗਣ ਵਿਖੇ ਨਾਇਬ ਤਹਿਸੀਲਦਾਰ ਸੀਮਾ ਅਰੋੜਾ ਅਤੇ ਸ਼ੰਭੂ ਕਲਾਂ ਵਿਖੇ ਬੀ.ਡੀ.ਪੀ.ਓ. ਜਤਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਹਲਕਾ ਵਿਧਾਇਕਾਂ ਅਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਪਿੰਡਾਂ ਵਿੱਚ ਅਜਿਹੇ ਕੈਂਪ ਲਗਾਤਾਰ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਤੱਕ ਪੁੱਜੀ ਹੈ।

ਇਸ ਦੌਰਾਨ ਸਮਾਣਾ ਦੇ ਬੀ.ਡੀ.ਪੀ.ਓ ਅਮਰਜੀਤ ਸਿੰਘ, ਪਾਤੜਾਂ ਦੇ ਬੀ.ਡੀ.ਪੀ.ਓ ਬਘੇਲ ਸਿੰਘ, ਭੁਨਰਹੇੜੀ ਬੀ.ਡੀ.ਪੀ.ਓ. ਮਹਿੰਦਰਜੀਤ ਸਿੰਘ, ਸ਼ੰਭੂ ਕਲਾਂ ਦੇ ਬੀ.ਡੀ.ਪੀ.ਓ. ਜਤਿੰਦਰ ਸਿੰਘ ਢਿੱਲੋਂ ਸਮੇਤ ਹੋਰ ਅਧਿਕਾਰੀਆਂ ਨੇ ਵੀ ਸ਼ਿਰਕਤ ਕੀਤੀ ਤੇ ਲੋਕਾਂ ਨੂੰ ਸਰਕਾਰੀ ਸੇਵਾਵਾਂ ਪ੍ਰਦਾਨ ਕੀਤੀਆਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਵਿਸ਼ੇਸ਼ ਪਹਿਲਕਦਮੀ ਤਹਿਤ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਖ਼ੁਦ ਚੱਲਕੇ ਲੋਕਾਂ ਦੇ ਘਰਾਂ ਦੇ ਨੇੜੇ ਪੁੱਜਦੇ ਹਨ ਅਤੇ ਸਰਕਾਰੀ ਸਕੀਮਾਂ ਦਾ ਲਾਭ ਮੌਕੇ 'ਤੇ ਹੀ ਲਾਭਪਾਤਰੀਆਂ ਨੂੰ ਦਿੱਤਾ ਜਾ ਰਿਹਾ ਹੈ। ਇਸ ਕੈਂਪ ਦਾ ਲਾਭ ਲੈਣ ਵਾਲੇ ਲੋਕਾਂ ਨੇ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਆਪਣੇ ਕੰਮਾਂ ਲਈ ਸ਼ਹਿਰ ਵਿੱਚ ਨਹੀਂ ਜਾਣਾ ਪੈਂਦਾ ਤੇ ਉਨ੍ਹਾਂ ਦੇ ਜਰੂਰੀ ਪ੍ਰਸ਼ਾਸਨਿਕ ਕੰਮ ਪਿੰਡ ਵਿੱਚ ਹੀ ਅਜਿਹੇ ਕੈਂਪਾਂ ਜਰੀਏ ਹੋ ਜਾਂਦੇ ਹਨ। ਇਸ ਜਨ ਸੁਵਿਧਾ ਕੈਂਪ ਦੌਰਾਨ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਲੋਕਾਂ ਦੇ ਮਸਲੇ ਸੁਣੇ ਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਵੀ ਕੀਤਾ।

ਕ੍ਰਿਸ਼ੀ ਵਿਗਿਆਨ ਕੇਂਦਰ ਨੇ ਪਰਾਲੀ ਪ੍ਰਬੰਧਨ ਸਬੰਧੀ ਖੇਤ ਦਿਵਸ ਮਨਾਇਆ

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਪਿੰਡ ਨਰਮਾਣਾ ਵਿਖੇ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਉੱਪਰ ਖੇਤ ਦਿਵਸ - ਕਮ- ਸਿਖਲਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਹ ਖੇਤ ਦਿਵਸ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਸਥਾਪਿਤ ਕਣਕ ਦੀ ਵੱਖ-ਵੱਖ ਢੰਗਾਂ ਨਾਲ ਬਿਜਾਈ ਦੇ ਪ੍ਰਦਰਸ਼ਨੀ ਪਲਾਟ ਵਿਚ ਕੀਤਾ ਗਿਆ। ਇਸ ਖੇਤ ਦਿਵਸ ਵਿਚ ਤਕਰੀਬਨ 150 ਕਿਸਾਨਾਂ ਵੱਲੋਂ ਸ਼ਿਰਕਤ ਕੀਤੀ ਗਈ।

ਇਸ ਮੌਕੇ ਬੋਲਦਿਆਂ ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ ਦੇ ਡਿਪਟੀ ਡਾਇਰੈਕਟਰ (ਸਿਖਲਾਈ) ਡਾ. ਹਰਦੀਪ ਸਿੰਘ ਸਭਿਖੀ ਨੇ ਆਏ ਹੋਏ ਕਿਸਾਨਾਂ ਨੂੰ ਕੇ.ਵੀ.ਕੇ. ਦੀਆਂ ਗਤੀਵਿਧੀਆਂ ਅਤੇ ਪੌਦਾ ਰੋਗਾਂ ਤੇ ਕੀੜਿਆਂ ਦੀ ਸਰਵਪੱਖੀ ਰੋਕਥਾਮ ਬਾਰੇ ਜਾਣਕਾਰੀ ਦਿੱਤੀ। ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਐਗਰੋ ਪ੍ਰੋਸੈਸਿੰਗ ਯੂਨਿਟਾਂ ਦੀ ਸਥਾਪਨਾ ਬਾਰੇ ਜਾਣਕਾਰੀ ਸਾਂਝੀ ਕੀਤੀ। ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਫਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਅਤੇ ਖੁੰਬ ਉਤਪਾਦਨ ਵਿਚ ਪਰਾਲੀ ਦੀ ਵਰਤੋਂ ਬਾਰੇ ਦੱਸਿਆ। ਡਾ. ਗੁਰਪ੍ਰੀਤ ਸਿੰਘ ਸਿੱਧੂ ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਕਿਸਾਨਾਂ ਨਾਲ ਝੋਨੇ ਦੀ ਪਰਾਲੀ ਦਾ ਖੇਤ ਵਿਚ ਹੀ ਪ੍ਰਬੰਧ ਕਰਨ ਅਤੇ ਵੱਖ-ਵੱਖ ਢੰਗਾਂ ਨਾਲ ਕਣਕ ਦੀ ਬਿਜਾਈ ਬਾਰੇ ਚਰਚਾ ਕੀਤੀ। ਇਸ ਦੇ ਨਾਲ ਹੀ ਪਰਾਲੀ ਸਾੜਨ ਨਾਲ ਵਾਤਾਵਰਣ ਨੂੰ ਹੋਣ ਵਾਲੇ ਨੁਕਸਾਨ ਅਤੇ ਮਿੱਟੀ ਵਿਚਲੇ ਖੁਰਾਕੀ ਤੱਤ ਨਸ਼ਟ ਹੋਣ ਬਾਰੇ ਜਾਗਰੂਕ ਕੀਤਾ। ਇਸ ਮੌਕੇ ਪਿੰਡ ਨਰਮਾਣਾ ਅਤੇ ਨੇੜਲੇ ਪਿੰਡਾਂ ਤੋਂ ਆਏ ਉੱਦਮੀ ਕਿਸਾਨਾਂ ਅਤੇ ਆਏ ਹੋਏ ਮਾਹਿਰਾਂ ਨੇ ਸਰਫੇਸ ਸੀਡਰ, ਸੁਪਰ ਸੀਡਰ, ਹੈਪੀ ਸੀਡਰ ਅਤੇ ਸਮਾਰਟ ਸੀਡਰ ਨਾਲ ਬੀਜੀ ਕਣਕ ਦੇ ਪ੍ਰਦਰਸ਼ਨੀ ਪਲਾਟ ਦਾ ਦੌਰਾ ਕੀਤਾ। ਅਗਾਂਹਵਧੂ ਕਿਸਾਨ ਸ੍ਰੀ. ਗੁਰਦਰਸ਼ਨ ਸਿੰਘ ਨੇ ਕ੍ਰਿਸ਼ੀ ਵਿਗਿਆਨ ਕੇਂਦਰ, ਰੌਣੀ, ਪਟਿਆਲਾ ਦਾ ਇਸ ਪਿੰਡ ਵਿਖੇ ਖੇਤੀਬਾੜੀ ਦਾ ਕੈਂਪ ਲਾਉਣ ਦਾ ਧੰਨਵਾਦ ਕੀਤਾ। ਇਸ ਮੌਕੇ ਕਿਸਾਨਾਂ ਨੂੰ ਖੇਤੀ ਸਾਹਿਤ ਵੀ ਮੁਹੱਈਆ ਕਰਵਾਇਆ ਗਿਆ। ਅੰਤ ਵਿਚ ਡਾ. ਰਚਨਾ ਸਿੰਗਲਾ ਨੇ ਆਏ ਹੋਏ ਕਿਸਾਨਾਂ ਦਾ ਧੰਨਵਾਦ ਕੀਤਾ।

ਪ੍ਰਧਾਨ ਮੰਤਰੀ ਇੰਟਰਨਸ਼ਿਪ ਯੋਜਨਾ ਲਈ 12 ਮਾਰਚ ਤੱਕ ਕੀਤਾ ਜਾ ਸਕਦੇ ਅਪਲਾਈ

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸਰਕਾਰ ਨੇ ਨੌਜਵਾਨਾਂ ਨੂੰ ਸਿਖਲਾਈ ਦੇਣ ਅਤੇ ਉਨ੍ਹਾਂ ਨੂੰ ਰੁਜ਼ਗਾਰ ਦੇ ਹੋਰ ਮੌਕੇ ਪ੍ਰਦਾਨ ਕਰਨ ਲਈ ਪ੍ਰਧਾਨ ਮੰਤਰੀ ਇੰਟਰਨਸ਼ਿਪ ਯੋਜਨਾ ਦਾ ਐਲਾਨ ਕੀਤਾ ਹੈ। ਜਿਹੜੇ ਉਮੀਦਵਾਰ ਹਾਈ ਸਕੂਲ, ਹਾਇਰ ਸੈਕੰਡਰੀ, ਆਈ.ਟੀ.ਆਈ. ਡਿਪਲੋਮਾ ਅਤੇ ਗ੍ਰੈਜੂਏਸ਼ਨ ਪਾਸ ਕਰ ਚੁੱਕੇ ਹਨ ਅਤੇ 21 ਤੋਂ 24 ਸਾਲ ਦੀ ਉਮਰ ਦੇ ਹਨ, ਉਹ ਪ੍ਰਧਾਨ ਮੰਤਰੀ ਇੰਟਰਨਸ਼ਿਪ ਯੋਜਨਾ ਲਈ ਰਜਿਸਟਰ ਕਰ ਸਕਦੇ ਹਨ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਪਟਿਆਲਾ ਦੇ ਡਿਪਟੀ ਡਾਇਰੈਕਟਰ ਹਰਪ੍ਰੀਤ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਇਸ ਸਕੀਮ ਤਹਿਤ ਜ਼ਿਲ੍ਹੇ ਦੇ ਕੁੱਲ 192 ਉਮੀਦਵਾਰਾਂ ਨੂੰ ਵੱਖ-ਵੱਖ ਕੰਪਨੀਆਂ ਜਿਵੇਂ ਅੰਬੂਜਾ ਸੀਮਿੰਟ ਲਿਮਟਿਡ, ਗੁਰੂ ਨਾਨਕ ਦੇਵ ਟੀ.ਪੀ.ਪੀ., ਵਿੱਚ ਨੌਕਰੀ ਦਿੱਤੀ ਗਈ ਹੈ। ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਆਫ਼ ਇੰਡੀਆ, ਡਾਬਰ ਇੰਡੀਆ ਲਿਮਟਿਡ, ਰਿਲਾਇੰਸ ਇੰਡਸਟਰੀਜ਼ ਲਿਮਟਿਡ, ਜੁਬੀਲੈਂਟ ਫੂਡ ਵਰਕਸ, ਐਚਡੀਐਫਸੀ ਬੈਂਕ, ਇੰਡੋਸਿੰਧ ਬੈਂਕ ਆਦਿ। ਉਨ੍ਹਾਂ ਇਹ ਵੀ ਦੱਸਿਆ ਕਿ ਇੰਟਰਨਸ਼ਿਪ ਸਕੀਮ ਤਹਿਤ ਉਮੀਦਵਾਰ ਸਿਰਫ਼ ਤਿੰਨ ਕੰਪਨੀਆਂ ਲਈ ਅਪਲਾਈ ਕਰ ਸਕਦਾ ਹੈ। ਇਸ ਸਕੀਮ ਲਈ ਅਪਲਾਈ ਕਰਨ ਦੀ ਆਖਰੀ ਮਿਤੀ 12 ਮਾਰਚ ਹੈ। ਇੰਟਰਨਸ਼ਿਪ ਸਕੀਮ ਲਈ ਉਮੀਦਵਾਰ ਦੇ ਪਰਿਵਾਰ ਦਾ ਕੋਈ ਵੀ ਮੈਂਬਰ ਸਰਕਾਰੀ ਨੌਕਰੀ ਵਿੱਚ ਨਹੀਂ ਹੋਣਾ ਚਾਹੀਦਾ ਅਤੇ ਪਰਿਵਾਰ ਦੀ ਕੁੱਲ ਸਾਲਾਨਾ ਆਮਦਨ 8 ਲੱਖ ਰੁਪਏ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਸਕੀਮ ਰਾਹੀਂ ਹਰੇਕ ਉਮੀਦਵਾਰ ਨੂੰ 5 ਹਜ਼ਾਰ ਰੁਪਏ ਅਤੇ 6 ਹਜ਼ਾਰ ਰੁਪਏ ਮਹੀਨਾ ਭੱਤਾ ਮਿਲੇਗਾ।ਇਸ ਸਕੀਮ ਅਧੀਨ ਕੋਰਸ ਪੂਰਾ ਕਰਨ ਵਾਲੇ ਉਮੀਦਵਾਰਾਂ ਨੂੰ ਸਰਕਾਰ ਦੁਆਰਾ ਜੀਵਨ ਜਯੋਤੀ ਬੀਮਾ ਯੋਜਨਾ ਅਤੇ ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਦੇ ਤਹਿਤ ਬੀਮਾ ਕਵਰੇਜ ਵੀ ਪ੍ਰਦਾਨ ਕੀਤੀ ਜਾਵੇਗੀ।

ਡਿਪਟੀ ਕਮਿਸ਼ਨਰ ਵੱਲੋਂ ਆਰ.ਟੀ.ਏ. ਦਫ਼ਤਰ ਦੀ ਅਚਨਚੇਤ ਚੈਕਿੰਗ

ਲੋਕਾਂ ਨੂੰ ਸਾਰੀਆਂ ਸੇਵਾਵਾਂ ਸਮੇਂ ਸਿਰ ਮੁਹੱਈਆ ਕਰਵਾਈਆਂ ਜਾਣ : ਡਾ. ਪ੍ਰੀਤੀ ਯਾਦਵ

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਆਰ.ਟੀ.ਏ. ਦਫ਼ਤਰ ਦੀ ਚੈਕਿੰਗ ਦੌਰਾਨ ਲੋਕਾਂ ਨਾਲ ਗੱਲਬਾਤ ਕਰਦੇ ਹੋਏ।

ਪਟਿਆਲਾ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਅੱਜ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਬਲਾਕ ਡੀ 'ਚ ਸਥਿਤ ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਟੀ ਪਟਿਆਲਾ ਦੇ ਦਫ਼ਤਰ ਦੀ ਅਚਨਚੇਤ ਚੈਕਿੰਗ ਕੀਤੀ। ਇਸ ਦੌਰਾਨ ਉਨ੍ਹਾਂ ਆਰ.ਟੀ.ਏ. ਦਫ਼ਤਰ ਵਿਖੇ ਆਪਣੇ ਕੰਮਾਂ-ਕਾਰਾਂ ਲਈ ਪੁੱਜੇ ਲੋਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਇਸ ਦਫ਼ਤਰ ਵਿਖੇ ਪ੍ਰਦਾਨ ਕੀਤੀਆਂ ਜਾਂਦੀਆਂ ਵੱਖ ਵੱਖ ਸੇਵਾਵਾਂ ਬਾਬਤ ਫੀਡਬੈਕ ਵੀ ਹਾਸਲ ਕੀਤੀ।

ਡਿਪਟੀ ਕਮਿਸ਼ਨਰ ਨੇ ਦਫ਼ਤਰੀ ਅਮਲੇ ਨੂੰ ਹਦਾਇਤ ਕੀਤੀ ਕਿ ਲੋਕਾਂ ਦੇ ਕੰਮ ਪਹਿਲ ਦੇ ਅਧਾਰ 'ਤੇ ਕੀਤੇ ਜਾਣ ਤਾਂ ਕਿ ਲੋਕਾਂ ਨੂੰ ਕਿਸੇ ਤਰ੍ਹਾਂ ਦੀ ਕੋਈ ਖੱਜਲਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ।

ਉਨ੍ਹਾਂ ਸਟਾਫ਼ ਨੂੰ ਦਫ਼ਤਰੀ ਸਮੇਂ ਮੁਤਾਬਕ ਆਪਣੀ ਸੀਟ ਦਾ ਕੰਮ ਸ਼ੁਰੂ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਪਟਿਆਲਾ ਜ਼ਿਲ੍ਹੇ ਦੇ ਲੋਕਾਂ ਨੂੰ ਪਾਰਦਰਸ਼ੀ ਤੇ ਸਮਾਂ ਬੱਧ ਸੇਵਾਵਾਂ ਮੁਹੱਈਆ ਕਰਵਾਉਣ ਸਾਡੀ ਜ਼ਿੰਮੇਵਾਰੀ ਹੈ ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਜੇਕਰ ਲੋਕਾਂ ਵੱਲੋਂ ਕੋਈ ਸ਼ਿਕਾਇਤ ਪ੍ਰਾਪਤ ਹੋਈ ਤਾਂ ਸਬੰਧਤ ਅਧਿਕਾਰੀ ਜਾਂ ਕਰਮਚਾਰੀ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਟਾਫ਼ ਨੂੰ ਹਦਾਇਤ ਕੀਤੀ ਕਿ ਜੇਕਰ ਕੋਈ ਕਰਮਚਾਰੀ ਛੁੱਟੀ 'ਤੇ ਹੈ ਜਾਂ ਫੀਲਡ ਜਾਂ ਕਿਸੇ ਅਦਾਲਤ ਵਿੱਚ ਗਿਆ ਹੈ ਤਾਂ ਉਸ ਦਾ ਕੰਮ ਦਫ਼ਤਰ ਵਿੱਚ ਹਾਜ਼ਰ ਦੂਸਰੇ ਕਰਮਚਾਰੀ ਨੂੰ ਸੌਂਪਿਆਂ ਜਾਵੇ ਤਾਂ ਜੋ ਕੰਮ ਕਰਵਾਉਣ ਆਏ ਲੋਕਾਂ ਨੂੰ ਕਿਸੇ ਕਿਸਮ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਕਿਹਾ ਕਿ ਟਰਾਂਸਪੋਰਟ ਵਿਭਾਗ ਇਕ ਅਹਿਮ ਵਿਭਾਗ ਹੈ, ਜਿਸ ਵਿੱਚ ਆਮ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਸਿੱਧੇ ਤੌਰ 'ਤੇ ਆਰ.ਟੀ.ਏ. ਦਫ਼ਤਰ ਆਉਣਾ ਪੈਂਦਾ ਹੈ, ਇਸ ਲਈ ਡਿਊਟੀ 'ਤੇ ਤਾਇਨਾਤ ਸਟਾਫ਼ ਲੋਕਾਂ ਨਾਲ ਨਰਮਾਈ ਵਾਲਾ ਵਤੀਰਾ ਅਪਣਾਉਂਦੇ ਹੋਏ, ਲੋਕਾਂ ਦੇ ਕੰਮ ਕਰਨ ਨੂੰ ਪਹਿਲ ਦੇਵੇ।

ਸੀਨੀਅਰ ਕਿਸਾਨ ਆਗੂ ਦੀ ਸਿਹਤ ਠੀਕ ਨਾ ਹੋਣ ਕਾਰਨ ਕੀਤਾ ਰਿਹਾਅ

ਸਨੌਰ, 8 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੰਯੁਕਤ ਕਿਸਾਨ ਮੋਰਚੇ ਵੱਲੋਂ ਕਾਲ ਜਾਰੀ ਕੀਤੀ ਹੈ ਕਿ 8 ਮਾਰਚ ਨੂੰ ਆਪਣੀਆ ਹੱਕੀ ਮੰਗਾ ਨੂੰ ਲੈ ਕੇ ਚੰਡੀਗੜ੍ਹ ਪੰਜਾਬ ਸਰਕਾਰ ਖਿਲਾਫ ਧਰਨਾ ਪ੍ਰਦਰਸਨ ਕਰਨਗੇ।ਜਿਸ ਨੂੰ ਲੈ ਕੇ ਪੂਰੇ ਪੰਜਾਬ ਅੰਦਰ ਕਿਸਾਨ ਆਗੂਆਂ ਨੂੰ ਘਰਾਂ ਵਿਚ ਜਾ ਪੁਲਿਸ ਥ

ਪ੍ਰਧਾਨਗੀ ਤੋਂ ਅਸਤੀਫ਼ੇ 'ਤੇ ਐਡਵੋਕੇਟ ਧਾਮੀ ਦਾ ਵੱਡਾ ਬਿਆਨ

ਅੰਮ੍ਰਿਤਸਰ 8 ਮਾਰਚ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਚੁੱਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ । ਦੱਸ ਦੇਈਏ ਕਿ ਕੱਲ੍ਹ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਹੈ ਜਿਸ ਤੋਂ ਪਹਿਲਾਂ ਹਰਜਿੰਦਰ ਸਿੰਘ ਧਾਮੀ ਜਥੇਦਾਰ ਨਾਲ ਮੁਲਾਕਾਤ ਕਰਨ ਪਹੁੰਚੇ ਸਨ। ਮੁਲਾਕਾਤ ਮਗਰੋਂ ਧਾਮੀ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਮੈਂ ਅਸਤੀਫ਼ਾ ਵਾਪਸ ਨਹੀਂ ਲਵਾਂਗਾ। ਹੁਣ ਵਰਕਿੰਗ ਕਮੇਟੀ ਦਾ ਕੰਮ ਹੈ ਕਿ ਉਹ ਅਸਤੀਫ਼ਾ ਪ੍ਰਵਾਨ ਕਰਦੇ ਹਨ ਜਾਂ ਨਹੀਂ। ਫਿਲਹਾਲ ਧਾਮੀ ਦਾ ਅਸਤੀਫ਼ਾ ਪ੍ਰਵਾਨ ਨਹੀਂ ਕੀਤਾ ਗਿਆ। ਹੁਣ ਦੇਖਣਾ ਹੋਵੇਗਾ ਕਿ ਕੱਲ੍ਹ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਕੀ ਫੈਸਲਾ ਲਿਆ ਜਾਂਦਾ ਹੈ। ਹੁਣ ਦੇਖਣਾ ਹੋਵੇਗਾ ਕਿ ਹਰਜਿੰਦਰ ਸਿੰਘ ਧਾਮੀ ਦੇ ਅਸਤੀਫੇ 'ਤੇ ਜਥੇਦਾਰ ਕੀ ਫੈਸਲਾ ਲੈਣਗੇ। ਇੱਥੇ ਦੱਸਣਯੋਗ ਹੈ ਇਸ ਤੋਂ ਪਹਿਲਾਂ ਜਥੇਦਾਰ ਰਘਬੀਰ ਸਿੰਘ ਆਪ ਵੀ ਹਰਜਿੰਦਰ ਸਿੰਘ ਨਾਲ ਮੁਲਾਕਾਤ ਕਰ ਚੁੱਕੇ ਹਨ ਅਤੇ ਉਨ੍ਹਾਂ ਨੂੰ ਅਸਤੀਫ਼ਾ ਵਾਪਸ ਲੈਣ ਲਈ ਕਿਹਾ ਗਿਆ ਸੀ।

ਪੰਜਾਬ 'ਚ ਬਿਜਲੀ ਬਿੱਲਾਂ ਨੂੰ ਲੈ ਕੇ ਬੁਰੀ ਖ਼ਬਰ, ਸੂਬੇ ਭਰ 'ਚ ਸ਼ੁਰੂ ਹੋਈ ਵੱਡੀ ਕਾਰਵਾਈ

ਲੁਧਿਆਣਾ/ਚੰਡੀਗੜ੍ਹ 8 ਮਾਰਚ। ਪੰਜਾਬ ਭਰ ਦੇ ਬਿਜਲੀ ਖ਼ਪਤਕਾਰਾਂ ਲਈ ਬੁਰੀ ਖ਼ਬਰ ਹੈ। ਦਰਅਸਲ ਪਾਵਰਕਾਮ ਵਲੋਂ ਪੂਰੇ ਸੂਬੇ 'ਚ ਬਿੱਲ ਨਾ ਭਰਨ ਵਾਲਿਆਂ ਖ਼?ਲਾਫ਼ ਸਖ਼ਤ ਕਾਰਵਾਈ ਲਗਾਤਾਰ ਜਾਰੀ ਹੈ। ਵਿਭਾਗ ਨੇ ਪਹਿਲਾਂ ਹੀ ਬਿਜਲੀ ਡਿਫ਼ਾਲਟਰਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਨ੍ਹਾਂ ਦੇ ਬਿਜਲੀ ਬਿੱਲ ਬਕਾਇਆ ਹਨ ਤਾਂ ਉਹ ਸਮੇਂ ਸਿਰ ਬਿੱਲਾਂ ਦਾ ਭੁਗਤਾਨ ਕਰ ਦੇਣ, ਨਹੀਂ ਤਾਂ ਉਨ੍ਹਾਂ ਦੇ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਹੁਣ ਵਿਭਾਗ ਵਲੋਂ ਲੰਬੇ ਸਮੇਂ ਤੋਂ ਬਕਾਇਆ ਬਿਜਲੀ ਬਿੱਲਾਂ ਦੀ ਵਸੂਲੀ ਲਈ ਅਧਿਕਾਰੀਆਂ ਦੀਆਂ ਵੱਖ-ਵੱਖ ਟੀਮਾਂ ਨੇ ਲੁਧਿਆਣਾ ਜ਼ਿਲ੍ਹੇ 'ਚ 13 ਹਜ਼ਾਰ ਡਿਫ਼ਾਲਟਰ ਖ਼ਪਤਕਾਰਾਂ ਦੇ ਬਿਜਲੀ ਕੁਨੈਕਸ਼ਨ ਕੱਟਣ ਦਾ ਰਿਕਾਰਡ ਬਣਾਇਆ ਹੈ, ਜਿਸ ਨਾਲ 50.42 ਕਰੋੜ ਰੁਪਏ ਦੀ ਵੱਡੀ ਰਕਮ ਵਸੂਲੀ ਗਈ ਹੈ। ਇਸ ਦੇ ਨਾਲ ਹੀ ਦੂਜੇ ਜ਼ਿਲ੍ਹਿਆਂ 'ਚ ਵਿਭਾਗ ਦੀ ਇਹ ਕਾਰਵਾਈ ਲਗਤਾਰ ਜਾਰੀ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਕੈਬਨਿਟ ਮੰਤਰੀ ਹਰਭਜਨ ਸਿੰਘ ਈ. ਟੀ. ਓ., ਡੀ. ਪੀ. ਐੱਸ, ਸੀ. ਐੱਮ. ਡੀ. ਤੇ ਡਾਇਰੈਕਟਰ, ਪੰਜਾਬ ਸੂਬਾ ਬਿਜਲੀ ਨਿਗਮ ਗਰੇਵਾਲ ਦੀਆਂ ਹਦਾਇਤਾਂ 'ਤੇ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀਆਂ ਟੀਮਾਂ ਬਿਜਲੀ ਵਿਭਾਗ ਦੇ ਡਿਫਾਲਟ ਖ਼ਪਤਕਾਰਾਂ 'ਤੇ ਸ਼ਿਕੰਜਾ ਕੱਸਣ ਲਈ ਸੜਕਾਂ 'ਤੇ ਉਤਰੀਆਂ। ਇਨ੍ਹਾਂ ਟੀਮਾਂ ਨੇ ਸਬੰਧਿਤ ਅਧਿਕਾਰ ਖੇਤਰਾਂ 'ਚ ਡਿਫ਼ਾਲਟਰ ਖ਼ਪਤਕਾਰਾਂ ਦੀ ਸੂਚੀ ਤਿਆਰ ਕਰਕੇ ਅਤੇ ਸਬੰਧਿਤ ਖ਼ਪਤਕਾਰਾਂ ਨੂੰ ਉਨ੍ਹਾਂ ਦੇ ਬਕਾਇਆ ਬਿਜਲੀ ਬਿੱਲਾਂ ਦਾ ਭੁਗਤਾਨ ਕਰਨ ਲਈ ਜਾਗਰੂਕ ਕਰਕੇ ਕਰੋੜਾਂ ਰੁਪਏ ਸਰਕਾਰੀ ਖਜ਼ਾਨੇ 'ਚ ਜਮ?ਹਾਂ ਕਰਵਾਏ।

ਬਠਿੰਡਾ ਕੇਂਦਰੀ ਜੇਲ੍ਹ 'ਚ ਕੈਦੀਆਂ ਵਿਚਕਾਰ ਝੜਪ, ਇਕ ਕੈਦੀ ਗੰਭੀਰ ਜ਼ਖਮੀ

ਬਠਿੰਡਾ 8 ਮਾਰਚ। ਬਠਿੰਡਾ ਕੇਂਦਰੀ ਜੇਲ੍ਹ 'ਚ ਦੋ ਧਿਰਾਂ ਵਿਚਕਾਰ ਹੋਈ ਝੜਪ 'ਚ ਇਕ ਕੈਦੀ ਗੰਭੀਰ ਜ਼ਖਮੀ ਹੋ ਗਿਆ। ਜ਼ਖਮੀ ਕੈਦੀ ਦੀ ਪਛਾਣ ਗੁਰਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਕਿ ਕਤਲ ਦੇ ਮਾਮਲੇ 'ਚ ਸਜ਼ਾ ਕੱਟ ਰਿਹਾ ਸੀ। ਹਮਲਾਵਰ ਕੈਦੀਆਂ ਨੇ ਲੋਹੇ ਦੀਆਂ ਰਾਡਾਂ ਨਾਲ ਉਸ ਉੱਤੇ ਹਮਲਾ ਕੀਤਾ, ਜਿਸ ਕਾਰਨ ਗੁਰਪ੍ਰੀਤ ਦੇ ਸਿਰ ਅਤੇ ਬਾਹਾਂ 'ਤੇ ਗੰਭੀਰ ਸੱਟਾਂ ਆਈਆਂ। ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅੱਧਾ ਦਰਜਨ ਦੇ ਕਰੀਬ ਕੈਦੀਆਂ ਨੇ ਉਸ 'ਤੇ ਪਿੱਛੋ ਤੋਂ ਹਮਲਾ ਕੀਤਾ। ਉਸ ਨੇ ਦੱਸਿਆ ਕਿ ਮੈਂ ਇਕੱਲਾ ਸੀ, ਉਹ 5-6 ਜਣੇ ਸਨ। ਕਿਸੇ ਨੇ ਮੈਨੂੰ ਨਹੀਂ

ਬਚਾਇਆ। ਜ਼ਖਮੀ ਹਾਲਤ 'ਚ ਉਸ ਨੂੰ ਬਠਿੰਡਾ ਸਰਕਾਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ। ਜ਼ਖਮੀ ਕੈਦੀ ਦੇ ਪਿਤਾ ਸੁਰਜੀਤ ਸਿੰਘ, ਜੋ ਕਿ ਖ਼ੁਦ ਵੀ ਪਹਿਲਾਂ ਬਠਿੰਡਾ ਜੇਲ੍ਹ 'ਚ ਰਹਿ ਚੁੱਕੇ ਹਨ, ਨੇ ਦੱਸਿਆ ਕਿ ਕੈਦੀ ਜੇਲ੍ਹ 'ਚ ਹੀ ਹਥਿਆਰ ਤਿਆਰ ਕਰ ਲੈਂਦੇ ਹਨ। ਉਨ੍ਹਾਂ ਅਨੁਸਾਰ, ਜੇਲ੍ਹ ਦੇ ਨਹਾਉਣ ਵਾਲੇ ਬਾਥਰੂਮ ਅਤੇ ਖਿੜਕੀਆਂ 'ਚ ਲੱਗੀਆਂ ਲੋਹੇ ਦੀਆਂ ਗਰਿੱਲਾਂ, ਜਦ ਪਾਣੀ ਕਾਰਨ ਖ਼ਰਾਬ ਹੋ ਜਾਂਦੀਆਂ ਹਨ ਤਾਂ ਕੈਦੀ ਉਨ੍ਹਾਂ ਨੂੰ ਪੱਟ ਕੇ ਹਥਿਆਰ ਬਣਾਉਂਦੇ ਹਨ ਅਤੇ ਕੰਬਲ 'ਚ ਲੁਕਾ ਲੈਂਦੇ ਹਨ। ਇਸ ਮਾਮਲੇ ਬਾਰੇ ਜੇਲ੍ਹ ਪ੍ਰਸ਼ਾਸਨ ਜਾਂ ਪੁਲਸ ਵੱਲੋਂ ਅਜੇ ਕੋਈ ਅਧਿਕਾਰਿਕ ਬਿਆਨ ਸਾਹਮਣੇ ਨਹੀਂ ਆਇਆ। ਜ਼ਖਮੀ ਕੈਦੀ ਗੁਰਪ੍ਰੀਤ ਨੇ ਹਮਲਾਵਰਾਂ 'ਚੋਂ ਪਹਿਲਾਂ ਬਠਿੰਡਾ ਜੇਲ੍ਹ 'ਚ ਰਹਿ ਚੁੱਕੇ ਹਨ, ਨੇ ਦੱਸਿਆ ਕਿ ਕੈਦੀ ਜੇਲ੍ਹ 'ਚ ਹੀ ਹਥਿਆਰ ਤਿਆਰ ਕਰ ਲੈਂਦੇ ਹਨ। ਉਨ੍ਹਾਂ ਅਨੁਸਾਰ, ਜੇਲ੍ਹ ਦੇ ਨਹਾਉਣ ਵਾਲੇ ਬਾਥਰੂਮ ਅਤੇ ਖਿੜਕੀਆਂ 'ਚ ਲੱਗੀਆਂ ਲੋਹੇ ਦੀਆਂ ਗਰਿੱਲਾਂ, ਜਦ ਪਾਣੀ ਕਾਰਨ ਖ਼ਰਾਬ ਹੋ ਜਾਂਦੀਆਂ ਹਨ ਤਾਂ ਕੈਦੀਇਕ ਦਾ ਨਾਂ ਰਿਤਿਨ ਦੱਸਿਆ ਪਰ ਹੋਰ 5-6 ਹਮਲਾਵਰਾਂ ਦੀ ਪਛਾਣ ਨਹੀਂ ਹੋਈ। ਇਸ ਘਟਨਾ ਨੇ ਕੇਂਦਰੀ ਜੇਲ੍ਹਾ ਵਿਚ ਸੁਰੱਖਿਆ ਪ੍ਰਬੰਧਾਂ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜੇਕਰ ਜੇਲ੍ਹ 'ਚ ਕੈਦੀ ਲੋਹੇ ਦੀਆਂ ਰਾਡਾਂ ਨੂੰ ਹਥਿਆਰ ਬਣਾ ਰਹੇ ਹਨ ਤਾਂ ਇਹ ਜੇਲ੍ਹ ਪ੍ਰਸ਼ਾਸਨ ਲਈ ਇਕ ਚਿਤਾਵਨੀ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਪੁਲਸ ਤੇ ਜੇਲ੍ਹ ਪ੍ਰਸ਼ਾਸਨ ਇਸ 'ਤੇ ਕੀ ਕਾਰਵਾਈ ਕਰਦੇ ਹਨ।

ਪੰਜਾਬ, ਡਿਜੀਟਲ ਮਾਇਨਿੰਗ ਮੈਨੇਜਮੈਂਟ ਸਿਸਟਮ ਲਾਗੂ ਕਰਨ ਵਾਲਾ ਦੇਸ਼ ਦਾ ਪਹਿਲਾ ਸੂਬਾ: ਕੈਬਿਨੇਟ ਮੰਤਰੀ ਗੋਇਲ

ਸਰਦੂਲ ਸਿੰਘ

ਚੰਡੀਗੜ੍ਹ 8 ਮਾਰਚ। ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਮਾਈਨਿੰਗ ਅਤੇ ਭੂ-ਵਿਗਿਆਨ ਮੰਤਰੀ ਬਰਿੰਦਰ ਕੁਮਾਰ ਗੋਇਲ ਦੀ ਮੌਜੂਦਗੀ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਟੈਕਨਾਲੋਜੀ (99") ਰੋਪੜ ਨਾਲ ਮਾਈਨਿੰਗ ਅਤੇ ਭੂ-ਵਿਗਿਆਨ ਲਈ ਸੈਂਟਰ ਆਫ ਐਕਸੀਲੈਂਸ ਸਥਾਪਤ ਕਰਨ ਲਈ ਇੱਕ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਗਏ ਹਨ। ਇਹ ਸੈਂਟਰ ਆਫ਼ ਐਕਸੀਲੈਂਸ ਪੰਜਾਬ ਵਿੱਚ ਮਾਈਨਿੰਗ ਗਤੀਵਿਧੀਆਂ ਦੇ ਵਿਗਿਆਨਕ ਮੁਲਾਂਕਣ ਅਤੇ ਨਿਗਰਾਨੀ ਨੂੰ ਮਜ਼ਬੂਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਵਰਗੀਆਂ ਅਤਿ-ਆਧੁਨਿਕ ਤਕਨਾਲੋਜੀਆਂ ਦੀ ਵਰਤੋਂ ਕਰਕੇ, ਇਹ ਸੈਂਟਰ ਛੋਟੇ ਖਣਿਜਾਂ ਦੀ ਸਹੀ ਮਾਤਰਾ ਨਿਰਧਾਰਤ ਕਰਨ ਅਤੇ ਮਾਈਨਿੰਗ ਤੋਂ ਪਹਿਲਾਂ ਅਤੇ ਮਾਈਨਿੰਗ ਤੋਂ ਬਾਅਦ ਸਰਵੇਖਣ ਕਰਨ ਵਿੱਚ ਸਹਾਇਤਾ ਕਰੇਗਾ। ਇਸ ਤੋਂ ਇਲਾਵਾ, ਇਹ ਵਿਭਾਗ ਨੂੰ ਮਾਨਸੂਨ ਤੋਂ ਪਹਿਲਾਂ ਅਤੇ ਮਾਨਸੂਨ ਤੋਂ ਬਾਅਦ ਦੇ ਸਰਵੇਖਣ ਕਰਨ ਵਿੱਚ ਸਹਾਇਤਾ ਕਰੇਗਾ, ਜਿਸ ਨਾਲ ਦਰਿਆਵਾਂ ਦੇ ਤਲ ਅਤੇ ਮਾਈਨਿੰਗ ਸਥਾਨਾਂ ਦਾ ਵਿਆਪਕ ਮੁਲਾਂਕਣ ਯਕੀਨੀ ਬਣਾਇਆ ਜਾ ਸਕੇਗਾ। ਕੈਬਿਨੇਟ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਪੰਜਾਬ ਡਿਜੀਟਲ ਮੈਨਿੰਗ ਮੈਨੇਜਮੈਂਟ ਸਿਸਟਮ ਲਾਗੂ ਕਰਨ ਵਾਲਾ ਭਾਰਤ ਦਾ ਪਹਿਲਾ ਸੂਬਾ ਬਣ ਗਿਆ ਹੈ। ਰੋਪੜ ਵਿਖੇ ਸਥਾਪਿਤ ਹੋਣ ਵਾਲੇ ਇਸ ਕੇਂਦਰ ਨਾਲ ਖਣਿਜ ਸਰੋਤਾਂ ਦੇ ਵਿਗਿਆਨਕ ਅਤੇ ਪਾਰਦਰਸ਼ੀ ਮੁਲਾਂਕਣ ਨੂੰ ਯਕੀਨੀ ਬਣਾ ਕੇ ਸਰਕਾਰੀ ਮਾਲੀਆ ਵਧਾਉਣ ਵਿੱਚ ਸਹਾਇਤਾ ਮਿਲੇਗੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਹ ਤਕਨੀਕੀ ਵਿਧੀਆਂ, ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਰੋਕਣ ਅਤੇ ਮਾਲੀਆ ਨੁਕਸਾਨ ਨੂੰ ਰੋਕਣ ਵਿੱਚ ਮਦਦ ਕਰਨਗੀਆਂ ਅਤੇ ਪੰਜਾਬ ਦੇ ਮਾਈਨਿੰਗ ਸੈਕਟਰ ਨੂੰ ਵਧੇਰੇ ਢਾਂਚਾਗਤ ਅਤੇ ਟਿਕਾਊ ਬਣਾਉਣ ਵਿੱਚ ਯੋਗਦਾਨ ਪਾਉਣਗੀਆਂ। ਨਿਗਰਾਨੀ ਤੋਂ ਇਲਾਵਾ, ਇਹ ਕੇਂਦਰ ਜ਼ਿਲ੍ਹਾ ਸਰਵੇਖਣ ਰਿਪੋਰਟਾਂ ਅਤੇ ਮਾਈਨ ਯੋਜਨਾਵਾਂ ਤਿਆਰ ਕਰਨ ਵਿੱਚ ਆਪਣੀ ਮੁਹਾਰਤ ਦਾ ਵਿਸਥਾਰ ਕਰੇਗਾ, ਜਿਸ ਨਾਲ ਵਿਭਾਗ ਨੂੰ ਮਾਈਨਿੰਗ ਕਾਰਜਾਂ ਨੂੰ ਸੁਚਾਰੂ ਬਣਾਉਣ ਵਿੱਚ ਸਹਾਇਤਾ ਮਿਲੇਗੀ। ਕੈਬਿਨੇਟ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਇਹ ਮਾਈਨਿੰਗ ਅਧਿਕਾਰੀਆਂ, ਪੰਜਾਬ ਸਰਕਾਰ ਅਤੇ ਪੰਜਾਬ ਦੇ ਲੋਕਾਂ ਲਈ ਇਹ ਇਕ ਬਹੁਤ ਵੱਡਾ ਦਿਨ ਹੈ। ਗੈਰ ਕਾਨੂੰਨੀ ਮਾਈਨਿੰਗ ਨੂੰ ਰੋਕਣ ਲਈ ਸੈਟਾਲਾਈਟ ਸਰਵੇ, ਡਰੋਨ ਸਰਵੇ ਅਤੇ ਗਰਾਊਂਡ ਸਰਵੇ ਕੀਤੇ ਜਾਣਗੇ। ਉਹਨਾਂ ਦੱਸਿਆ ਇਹ ਸਿਸਟਮ ਆਨਲਾਈਨ ਕੰਮ ਕਰੇਗਾ, ਹਰ ਰੋਜ਼ ਡਾਟਾ ਅਪਡੇਟ ਕੀਤਾ ਜਾਵੇਗਾ ਅਤੇ ਸਬੰਧਿਤ ਅਧਿਕਾਰੀਆਂ ਦੀ ਜਿੰਮੇਵਾਰੀ ਨਿਸ਼ਚਿਤ ਕੀਤੀ ਜਾਵੇਗੀ। ਇਸ ਸਮਝੌਤੇ ਰਾਹੀਂ ਜੋ ਡਾਟਾ ਮਿਲੇਗਾ ਉਸ ਨਾਲ ਮਾਈਨਿੰਗ ਵਾਲੀਆਂ ਥਾਵਾਂ ਤੋਂ ਪਤਾ ਲੱਗ ਸਕੇਗਾ ਕਿ ਕਿੰਨਾ ਰੇਤਾ ਕਾਨੂੰਨੀ ਅਤੇ ਗੈਰ ਕਾਨੂੰਨੀ ਵਿਧੀ ਰਾਹੀਂ ਚੁਕਿਆ ਗਿਆ ਹੈ। ਇਸ ਸਿਸਟਮ ਨਾਲ ਡੈਮਾਂ ਵਿਚ ਜਮਾਂ ਹੋਏ ਰੇਤੇ ਦਾ ਵੀ ਪਤਾ ਲਗਾਇਆ ਜਾ ਸਕੇਗਾ ਕਿ ਬਰਸਾਤ ਤੋਂ ਪਹਿਲਾਂ ਕਿੰਨੇ ਫੁੱਟ ਰੇਤਾ ਸੀ ਅਤੇ ਬਾਅਦ ਵਿਚ ਕਿੰਨੇ ਫੁੱਟ ਜਮਾ ਹੈ। ਇਸ ਸਿਸਟਮ ਤੋਂ ਇਹ ਵੀ ਜਾਣਕਾਰੀ ਮਿਲੇਗੀ ਕਿ ਕਿੰਨੀਆਂ ਖੱਡਾਂ ਵਿਚ ਕੰਮ ਚੱਲ ਰਿਹਾ ਹੈ ਤੇ ਕਿੰਨੀਆਂ ਖੱਡਾਂ ਵਿਚ ਗੈਰ ਕਾਨੂੰਨੀ ਮਾਈਨਿੰਗ ਕੀਤੀ ਜਾ ਰਹੀ ਹੈ। ਇਸ ਕੇਂਦਰ ਵਲੋਂ ਦਿੱਤਾ ਗਿਆ ਡਾਟਾ ਮੌਨਸੂਨ ਤੋਂ

ਪਹਿਲਾ ਦਰਿਆਵਾਂ ਵਿਚਲੇ ਰੇਤੇ ਦਾ ਸਹੀ ਪ੍ਰਬੰਧ ਕਰਨ ਵਿਚ ਸਹਾਇਤਾ ਕਰੇਗਾ ਅਤੇ ਇਸ ਵਿਧੀ ਰਹੀ 20 - 20 ਮੀਟਰ ਦੀ ਦੂਰੀ ਤੇ ਪਾਣੀ ਦੇ ਹੇਠਲੇ ਰੇਤੇ ਅਤੇ ਬਜ਼ਰੀ ਦਾ ਪਤਾ ਲਗਾਇਆ ਜਾ ਸਕੇਗਾ ਤਾਂ ਜੋ ਪਿੰਡਾਂ ਨੂੰ ਹੜ ਤੋਂ ਬਚਾਇਆ ਜਾ ਸਕੇ। ਅਤੇ । ਜਿਹੜੇ ਡੈਮ ਦਰਿਆ ਪਹਿਲਾਂ ਹੜਾ ਦਾ ਕਾਰਨ ਅਤੇ ਲੋਕਾਂ ਲਈ ਮੁਸੀਬਤ ਬਣ ਦੇ ਸਨ ਹੁਣ ਇਹ ਪੰਜਾਬ ਦੇ ਲੋਕਾਂ ਲਈ ਵਰਦਾਨ ਅਤੇ ਸਾਧਨ ਬਣਨਗੇ। ਪਿੰਡਾਂ ਵਿਚ ਕੋਈ ਜਾਨੀ ਜਾ ਮਾਲੀ ਨੁਕਸਾਨ ਨਹੀਂ ਹੋਵੇਗਾ ਇਹ ਵਿਧੀ ਕਿਸਾਨਾਂ ਦੀਆਂ ਜਮੀਨਾਂ ਨੂੰ ਹੜ੍ਹਾਂ ਬਚਾਉਣ ਲਈ ਲਾਹੇਵੰਦ ਹੋਵੇਗੀ। ਜਿਸ ਨਾਲ ਪੰਜਾਬ ਦੇ ਕਿਸਾਨਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਨਾਲ ਠੇਕੇਦਾਰਾਂ ਵੱਲੋਂ ਸਰਕਾਰ ਨਾਲ ਕੀਤੀ ਜਾਂਦੀ ਲੁੱਟ ਕਸੁਟ ਹੇਰਾ ਫ਼ੇਰੀ ਬਿਲਕੁਲ ਖ਼ਤਮ ਹੋ ਜਾਵੇਗੀ। ਕੈਬਿਨੇਟ ਮੰਤਰੀ ਸ੍ਰੀ ਗੋਇਲ ਵਲੋਂ ਅਧਿਕਾਰੀਆਂ ਨੂੰ ਸਪਸ਼ਟ ਸ਼ਬਦਾਂ ਵਿਚ ਨਿਰਦੇਸ਼ ਦਿੱਤੇ ਗਏ ਹਨ ਕਿ ਇਹ ਸਿਰਫ ਕਾਗਜ਼ਾਂ ਤਕ ਹੀ ਸੀਮਤ ਨਾ ਰਹੇ। ਸਾਰੇ ਅਫ਼ਸਰ ਫੀਲਡ ਵਿਚ ਜਾ ਕੇ ਕੰਮ ਕਰਨ ਅਤੇ ਸਮੇਂ ਸਮੇਂ ਸਿਰ ਮੀਟਿੰਗਾਂ ਕਰਕੇ ਪੂਰੀ ਇਮਾਨਦਾਰੀ ਅਤੇ ਪਾਰਦਰਸ਼ਿਤਾ ਨਾਲ ਪੰਜਾਬ ਦੇ ਮਾਈਨਿੰਗ ਸੈਕਟਰ ਦਾ ਪ੍ਰਬੰਧ ਚਲਾਉਣ। ਮੰਤਰੀ ਜੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਬਿਪਤਾ ਵਿਚ ਪਾਏ ਲੋਕਾਂ ਨੂੰ ਬਾਹਰ ਕੱਢਣ ਲਈ ਇਹ ਇਕ ਅਹਿਮ ਸਮਝੌਤਾ ਹੈ। ਆਮ ਲੋਕਾਂ ਨੂੰ ਸਹੀ ਅਤੇ ਵਾਜਵ ਮੁੱਲ ਤੇ ਰੇਤਾ ਮੁਹਈਆ ਕਰਵਾਉਣ ਲਈ ਪੰਜਾਬ ਸਰਕਾਰ ਵਚਨਵੱਧ ਹੈ। ਕੈਬਿਨੇਟ ਮੰਤਰੀ ਨੇ ਦੱਸਿਆ ਕਿ ਡਿਜੀਟਲ ਮਾਡੀਊਲ ਸਾਈਟਾਂ ਦੇ ਮੁਲਾਂਕਣ ਵਿਚ ਕੁਸ਼ਲਤਾ ਅਤੇ ਪਾਰਦਰਸ਼ਿਤਾ ਲਿਆਏਗਾ ਅਤੇ ਅਸਲ ਸਮੇਂ ਦੀ ਨਿਗਰਾਨੀ ਤੇ ਵਾਤਾਵਰਨ ਦੀ ਸੁਰੱਖਿਆ ਸਬੰਧੀ ਨਿਯਮਾਂ ਦੀ ਪਾਲਣਾ ਨੂੰ ਯਕੀਨੀ ਬਣਾਏਗਾ। ਇਸ ਸਮੇਂ ਭੂ-ਵਿਗਿਆਨ ਸਕੱਤਰ ਸ੍ਰੀ ਗੁਰਕਿਰਤ ਕਿਰਪਾਲ ਸਿੰਘ, ਡਰੇਨੇਜ ਕਮ ਮਾਈਨਿੰਗ ਦੇ ਮੁੱਖ ਇੰਜੀਨੀਅਰ ਡਾ. ਹਰਿੰਦਰ ਪਾਲ ਸਿੰਘ ਬੇਦੀ ਅਤੇ ਸਾਰੇ ਜ਼ਿਲ੍ਹਾ ਮਾਈਨਿੰਗ ਅਧਿਕਾਰੀ, ਆਈਆਈਟੀ ਰੋਪੜ ਤੋਂ, ਡੀਨ ਸ੍ਰੀ ਸਾਰੰਗ ਗੁੰਫੇਕਰ ਅਤੇ ਪ੍ਰੋਫੈਸਰ ਡਾ. ਰੀਤ ਕਮਲ ਤਿਵਾੜੀ ਮੌਜੂਦ ਸਨ।

ਕੇਰਲ 'ਚ ਭਾਜਪਾ ਦੀਆਂ ਨਜ਼ਰਾਂ ਹਿੰਦੂ ਤੇ ਈਸਾਈ ਵੋਟਰਾਂ 'ਤੇ

ਕਿਸ਼ਨ ਪਾਲ

ਨੈਸ਼ਨਲ ਡੈਸਕ 8 ਮਾਰਚ। ਦਿੱਲੀ ਵਿਧਾਨ ਸਭਾ ਦੀਆਂ ਚੋਣਾਂ 'ਚ ਭਗਵਾ ਝੰਡਾ ਲਹਿਰਾਉਣ ਤੋਂ ਬਾਅਦ ਭਾਜਪਾ ਨੇ ਹੁਣ ਆਪਣਾ ਧਿਆਨ 2025-26 'ਚ ਹੋਰ ਵੱਖ-ਵੱਖ ਸੂਬਿਆਂ 'ਚ ਹੋਣ ਵਾਲੀਆਂ ਅਸੈਂਬਲੀ

ਚੋਣਾਂ ਵੱਲ ਕੇਂਦ੍ਰਿਤ ਕਰ ਦਿੱਤਾ ਹੈ। ਅਗਲੇ 15 ਮਹੀਨਿਆਂ ਦੌਰਾਨ 6 ਸੂਬਿਆਂ 'ਚ ਚੋਣਾਂ ਹੋਣੀਆਂ ਹਨ। ਇਨ੍ਹਾਂ 'ਚ ਬਿਹਾਰ, ਆਸਾਮ, ਕੇਰਲ, ਤਾਮਿਲਨਾਡੂ, ਪੱਛਮੀ ਬੰਗਾਲ ਤੇ ਪੁਡੂਚੇਰੀ ਸ਼ਾਮਲ ਹਨ। ਦਿੱਲੀ, ਮਹਾਰਾਸ਼ਟਰ ਤੇ ਹਰਿਆਣਾ 'ਚ ਜਿੱਤ ਹਾਸਲ ਕਰਨ ਤੋਂ ਬਾਅਦ ਭਾਜਪਾ ਨੇ ਆਪਣਾ ਧਿਆਨ ਦੱਖਣੀ ਸੂਬਿਆਂ ਖਾਸ ਕਰ ਕੇ ਕੇਰਲ ਵੱਲ ਕੇਂਦ੍ਰਿਤ ਕੀਤਾ ਹੈ ਕਿਉਂਕਿ ਇਸ ਨੇ ਆਸਾਮ ਅਤੇ ਪੁਡੂਚੇਰ